@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 28 August 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 28 ਅਗਸਤ 2024, 12 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 292, qpatrika@gmail.com ਫੋਨ : 9971359517 www.qaumipatrika.org

‘ਹਾਈ ਅਲਰਟ’ ‘ਤੇ ਫੋਰਸ, ਹਿਰਾਸਤ ‘ਚ ਲਏ ਗਏ ਫੌਜ ਦੇ ਕੈਂਪ ਨੇੜੇ ਘੁੰਮ ਰਹੇ 4 ਸ਼ੱਕੀ

ਜੰਮੂ 27 ਅਗਸਤ। ਜੰਮੂ ਕਸ਼ਮੀਰ ਦੇ ਕਠੁਆ ਜ਼ਿਲ੍ਹੇ ‘ਚ ਸਥਿਤ ਫੌਜ ਦੇ ਕੈਂਪ ਨੇੜੇ ਸ਼ੱਕੀ ਸਥਿਤੀ ‘ਚ ਘੁੰਮ ਰਹੇ ਚਾਰ ਲੋਕਾਂ ਨੂੰ ਪੁੱਛ-ਗਿੱਛ ਲਈ ਸੋਮਵਾਰ ਨੂੰ ਹਿਰਾਸਤ ‘ਚ ਲਿਆ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਹਿਰਾਸਤ ‘ਚ ਲਏ ਚਾਰੋਂ ਲੋਕ ਨਿਹੱਥੇ ਸਨ ਅਤੇ ਸ਼ੱਕੀ ਸਥਿਤੀ ‘ਚ ਬਿਲਾਵਰ ਸਥਿਤ ਫੌਜ ਦੇ ਕੈਂਪ ਨੇੜੇ ਟਹਿਲ ਰਹੇ ਸਨ। ਉਨ੍ਹਾਂ ਦੱਸਿਆ ਕਿ ਸੁਰੱਖਿਆ ਫੋਰਸਾਂ ਨੇ ਤੁਰੰਤ ਉਨ੍ਹਾਂ ਨੂੰ ਰੋਕਿਆ ਅਤੇ ਪੁੱਛ-ਗਿੱਛ ਲਈ ਹਿਰਾਸਤ ‘ਚ ਲੈ ਲਿਆ। ਜੰਮੂ ਕਸ਼ਮੀਰ ‘ਚ ਹਾਲ ਹੀ ਦੇ ਦਿਨਾਂ ‘ਚ ਵਧੀਆਂ ਅੱਤਵਾਦੀਆਂ ਘਟਨਾਵਾਂ ਅਤੇ ਅਗਲੇ ਮਹੀਨੇ 18 ਤਾਰੀਖ ਤੋਂ ਸ਼ੁਰੂ ਹੋ ਰਹੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜਰ ਸੁਰੱਖਿਆ ਫੋਰਸ ‘ਹਾਈ ਅਲਰਟ’ ‘ਤੇ ਹੈ।

ਅਕਾਲੀ ਦਲ ਛੱਡਣ ਤੋਂ ਬਾਅਦ ਸੁਖਬੀਰ ਬਾਦਲ ਦਾ ਡਿੰਪੀ ਢਿੱਲੋਂ ਨੂੰ ਅਪੀਲ

ਸ੍ਰੀ ਮੁਕਤਸਰ ਸਾਹਿਬ 27 ਅਗਸਤ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸੋਮਵਾਰ ਨੂੰ ਆਪਣੇ ਨਿਵਾਸ ਪਿੰਡ ਬਾਦਲ ਵਿਖੇ ਗਿੱਦੜਬਾਹਾ ਦੇ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਨੇ ਡਿੰਪੀ ਢਿੱਲੋਂ ਵਲੋਂ ਅਕਾਲੀ ਦਲ ਛੱਡਣ ‘ਤੇ ਕਿਹਾ ਕਿ ਉਹ ਡਿੰਪੀ ਢਿੱਲੋਂ ਨੂੰ ਛੋਟਾ ਭਰਾ ਮੰਨਦੇ ਹਨ। ਉਹ ਜਦੋਂ ਚਾਹੁਣ ਅਕਾਲੀ ਦਲ ਵਿਚ ਵਾਪਸ ਆ ਸਕਦੇ ਹਨ। ਗਿੱਦੜਬਾਹਾ ਦੀ ਸੀਟ ਡਿੰਪੀ ਨੂੰ ਹੀ ਦਿੱਤੀ ਜਾਵੇਗੀ। ਡਿੰਪੀ ਨੂੰ 10 ਦਿਨਾਂ ਵਿਚ ਵਾਪਸ ਆਉਣਾ ਚਾਹੀਦਾ ਹੈ। ਉਸ ਦੀ ਸੀਟ ਪੱਕੀ ਹੈ। ਉਨ੍ਹਾਂ ਕਿਹਾ ਕਿ ਡਿੰਪੀ ਦੇ ਪਾਰਟੀ ਛੱਡਣ ਉਤੇ ਬੜਾ ਦੁੱਖ ਲੱਗਾ ਹੈ। ਡਿੰਪੀ ਦੀ ਦੋ ਮਹੀਨਿਆਂ ਤੋਂ ਆਮ ਆਦਮੀ ਪਾਰਟੀ ਨਾਲ ਗੱਲਬਾਤ ਚੱਲ ਰਹੀ ਸੀ। ਅਸੀਂ ਅੱਜ ਵੀ ਡਿੰਪੀ ਨੂੰ ਟਿਕਟ ਦੇਣ ਲਈ ਤਿਆਰ ਹਾਂ। ਮੈਂ ਅੱਜ ਵੀ ਡਿੰਪੀ ਦਾ

ਐਲਾਨ ਕਰਨ ਲਈ ਤਿਆਰ ਹਾਂ। ਗਿੱਦੜਬਾਹਾ ਹਲਕੇ ਤੋਂ ਅਕਾਲੀ ਦਲ ਦੇ ਇੰਚਾਰਜ ਅਤੇ ਪਾਰਟੀ ਦੀ ਟਿਕਟ ‘ਤੇ ਦੋ ਵਾਰ ਚੋਣ ਲੜ ਚੁੱਕੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਬੀਤੇ ਦਿਨੀਂ ਅਕਾਲੀ ਦਲ ਛੱਡਣ ਦਾ ਐਲਾਨ ਕੀਤਾ ਸੀ। ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਅਕਾਲੀ ਦਲ ਦੇ ਸਮੂਹ ਅਹੁਦਿਆਂ ਤੋਂ ਅਸਤੀਫਾ ਦਿੰਦਿਆਂ ਸੋਸਲ ਮੀਡੀਆ ‘ਤੇ ਸੁਨੇਹਾ ਦਿੰਦਿਆਂ ਆਖਿਆ ਕਿ ਉਹ ਕਰੀਬ 35 ਸਾਲ ਤੋਂ ਅਕਾਲੀ ਦਲ ਦੀ ਸੇਵਾ ਕਰ ਰਹੇ ਸਨ ਅਤੇ ਉਨ੍ਹਾਂ ਪਾਰਟੀ ਦਾ ਹਰ ਹੁਕਮ ਸਿਰ ਮੱਥੇ ਮੰਨਿਆ ਪਰ ਇਸ ਸਾਲ ਜਨਵਰੀ ਵਿਚ ਸੁਖਬੀਰ ਸਿੰਘ ਬਾਦਲ ਵੱਲੋਂ ਉਨ੍ਹਾਂ ਨੂੰ ਅਚਾਨਕ ਇਹ ਕਿਹਾ ਗਿਆ ਕਿ ਗਿੱਦੜਬਾਹਾ ਤੋਂ ਮਨਪ੍ਰੀਤ ਸਿੰਘ ਬਾਦਲ ਨੇ ਅਕਾਲੀ ਦਲ ਵਿਚ ਸ਼ਾਮਲ ਹੋ ਕੇ ਚੋਣ ਲੜਨੀ ਹੈ ਤੇ ਉਹ (ਡਿੰਪੀ ਢਿੱਲੋਂ) ਆਪਣਾ ਵੇਖ ਲੈਣ। ਇਸ ਤੋਂ ਬਾਅਦ ਫਿਰ ਸੁਖਬੀਰ ਸਿੰਘ ਬਾਦਲ ਨੇ ਹਲਕਾ ਗਿੱਦੜਬਾਹਾ ਤੋਂ ਉਨ੍ਹਾਂ ਨੂੰ (ਡਿੰਪੀ ਢਿੱਲੋਂ) ਕੰਮ ਸਾਂਭਣ ਲਈ ਕਿਹਾ ਪਰ ਹੁਣ ਮੁੜ ਇਹ ਸਪੱਸਟ ਹੋ ਗਿਆ ਹੈ ਕਿ ਗਿੱਦੜਬਾਹਾ ਤੋਂ ਮਨਪ੍ਰੀਤ ਬਾਦਲ ਨੂੰ ਚੋਣ ਲੜਾਈ ਜਾਣੀ ਹੈ। ਇਸ ਲਈ ਉਹ ਆਪਣੇ ਮਨ ਉਤੇ ਪਏ ਬੋਝ ਨੂੰ ਹੋਰ ਨਹੀਂ ਸਹਾਰ ਸਕਦੇ ਜਿਸ ਕਰਕੇ ਉਨ੍ਹਾਂ ਅਕਾਲੀ ਦਲ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਕੋਈ ਵੀ ਰਾਜਸੀ ਫੈਸਲਾ ਲੈਣ ਤੋਂ ਪਹਿਲਾਂ ਆਪਣੇ ਵਰਕਰਾਂ ਨਾਲ ਸਲਾਹ ਕਰਨਗੇ।

ਐੱਸ.ਆਈ.ਟੀ. ਕਾਲੇ ਧਨ ‘ਤੇ 15 ਦਿਨਾਂ ਅੰਦਰ ਸੁਪਰੀਮ ਕੋਰਟ ਨੂੰ ਸੌਂਪੇਗੀ ਰਿਪੋਰਟ

ਭੁਵਨੇਸਵਰ 27 ਅਗਸਤ। ਕਾਲੇ ਧਨ ਨੂੰ ਲੈ ਕੇ ਸੁਪਰੀਮ ਕੋਰਟ ਵਲੋਂ ਗਠਿਤ ਵਿਸੇਸ ਜਾਂਚ ਟੀਮ (ਐੱਸ.ਆਈ.ਟੀ.) 15 ਦਿਨਾਂ ‘ਚ ਆਪਣੀ ਨੌਵੀਂ ਅੰਤਰਿਮ ਰਿਪੋਰਟ ਸਰਵਉੱਚ ਅਦਾਲਤ ਨੂੰ ਸੌਂਪੇਗਾ। ਐੱਸ.ਆਈ.ਟੀ. ਦੇ ਉਪ ਚੇਅਰਮੈਨ ਜਸਟਿਸ (ਸੇਵਾਮੁਕਤ) ਅਰਿਜੀਤ ਪਸਾਇਤ ਨੇ ਸੋਮਵਾਰ ਨੂੰ ਇੱਥੇ ਇਹ ਜਾਣਕਾਰੀ ਦਿੱਤੀ। ਮਈ 2014 ‘ਚ ਕੇਂਦਰ ਦੀ ਸੱਤਾ ‘ਚ ਆਉਣ ਤੋਂ ਬਾਅਦ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਆਪਣੀ ਕੈਬਨਿਟ ਪਹਿਲੀ ਬੈਠਕ ‘ਚ ਐੱਸ.ਆਈ.ਟੀ. ਗਠਿਤ ਕਰਨ ਦੀ ਮਨਜੂਰੀ ਦਿੱਤੀ ਸੀ, ਜਿਵੇਂ ਕਿ ਸੁਪਰੀਮ ਕੋਰਟ ਨੇ ਨਿਰਦੇਸ ਦਿੱਤਾ ਸੀ। ਜਸਟਿਸ ਪਸਾਇਤ ਨੇ ਇੱਥੇ ਕਿਹਾ,“ਅਸੀਂ 8 ਰਿਪੋਰਟਾਂ ਸੁਪਰੀਮ ਕੋਰਟ ਨੂੰ ਸੌਂਪ ਦਿੱਤੀਆਂ ਹਨ, ਜਦੋਂ ਕਿ ਨੌਵੀਂ ਰਿਪੋਰਟ 15 ਦਿਨਾਂ ਦੇ ਅੰਦਰ ਸੌਂਪ ਦਿੱਤੀ ਜਾਵੇਗੀ।“ ਇਕ ਸਵਾਲ ਦੇ ਜਵਾਬ ‘ਚ ਉਨ੍ਹਾਂ ਕਿਹਾ ਕਿ ਇਹ ਅੰਤਿਮ ਰਿਪੋਰਟ ਨਹੀਂ ਹੋਵੇਗੀ, ਕਿਉਂਕਿ ਕੰਮ ਜਾਰੀ ਹੈ।“ ਐੱਸ.ਆਈ.ਟੀ. ਦੇ ਉਪ ਚੇਅਰਮੈਨ ਸੂਬੇ ਦੇ ਤਿੰਨ ਦਿਨਾਂ ਦੌਰੇ ‘ਤੇ ਸੋਮਵਾਰ ਨੂੰ ਇੱਥੇ ਪਹੁੰਚੇ। ਐੱਸ.ਆਈ.ਟੀ. ਦੇ ਉਪ ਚੇਅਰਮੈਨ ਵੱਲੋਂ 28 ਅਗਸਤ ਨੂੰ ਕਟਕ ‘ਚ ਇਨਕਮ ਟੈਕਸ ਵਿਭਾਗ, ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.), ਕਸਟਮਜ ਅਤੇ ਕੇਂਦਰੀ ਅਸਿੱਧੇ ਟੈਕਸ ਬੋਰਡ ਦੇ ਅਧਿਕਾਰੀਆਂ ਨਾਲ ਬੈਠਕ ਕਰਨ ਦੀ ਸੰਭਾਵਨਾ ਹੈ।

ਭਾਜਪਾ ਨੇ ਵਿਦਿਆਰਥੀਆਂ ‘ਤੇ ਲਾਠੀਚਾਰਜ ਦੀ ਕੀਤੀ ਨਿੰਦਾ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 27 ਅਗਸਤ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਮੰਗਲਵਾਰ ਨੂੰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ‘ਤੇ ਕੋਲਕਾਤਾ ਵਿਚ ਇਕ ਟਰੇਨੀ ਡਾਕਟਰ ਨਾਲ ਜਬਰ ਜ਼ਿਨਾਹ ਅਤੇ ਕਤਲ ‘ਚ ਸਾਮਲ ਲੋਕਾਂ ਨੂੰ ਬਚਾਉਣ ਦਾ ਦੋਸ ਲਗਾਉਂਦੇ ਹੋਏ ਉਨ੍ਹਾਂ ਨੂੰ ‘ਤਾਨਾਸਾਹ’ ਕਰਾਰ ਦਿੱਤਾ ਅਤੇ ਇਸ ਮਾਮਲੇ ਦੀ ਨਿਰਪੱਖ ਜਾਂਚ ਲਈ ਉਨ੍ਹਾਂ ਦੇ ਅਸਤੀਫੇ ਦੀ ਮੰਗ ਕੀਤੀ। ਭਾਜਪਾ ਨੇ ਇਹ ਵੀ ਮੰਗ ਕੀਤੀ ਹੈ ਕਿ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਬੈਨਰਜੀ ਅਤੇ ਪੁਲਸ ਕਮਿਸਨਰ ਵਿਨੀਤ ਗੋਇਲ ਦਾ ‘ਪੌਲੀਗ੍ਰਾਫ’ ਟੈਸਟ ਕਰਵਾਏ। ਪਾਰਟੀ ਦਾ ਦੋਸ ਹੈ ਕਿ ਉਸ (ਗੋਇਲ) ਨੇ ਸ਼ੁਰੂ ‘ਚ ਕਿਹਾ ਸੀ ਕਿ ਪੀੜਤਾ ਨੇ ਖੁਦਕੁਸੀ ਕੀਤੀ ਹੈ। ਭਾਜਪਾ ਦੇ ਰਾਸਟਰੀ ਬੁਲਾਰੇ ਗੌਰਵ ਭਾਟੀਆ ਨੇ ਇੱਥੇ ਪਾਰਟੀ ਹੈੱਡਕੁਆਰਟਰ ‘ਤੇ ਪੱਤਰਕਾਰਾਂ ਨੂੰ ਕਿਹਾ,“ਪੱਛਮੀ ਬੰਗਾਲ ‘ਚ ਜੋ ਵੀ ਹੋ ਰਿਹਾ ਹੈ, ਉਹ ਚਿੰਤਾਜਨਕ ਹੈ। ਇਹ ਸੰਵਿਧਾਨ ਨੂੰ ਤੋੜਨ ਦੇ ਬਰਾਬਰ ਹੈ। ਸਾਫ ਨਜਰ ਆ ਰਿਹਾ ਹੈ ਕਿ ਦੇਸ ‘ਚ ਜੇਕਰ ਕੋਈ ਡਾਕਟਰ ਹੈ ਤਾਂ ਉਹ ਮਮਤਾ ਬੈਨਰਜੀ ਹੈ। ਉਨ੍ਹਾਂ ਨੇ ਬੈਨਰਜੀ ‘ਤੇ ਜਬਰ ਜ਼ਿਨਾਹ ਅਤੇ ਕਤਲ ਮਾਮਲੇ ‘ਚ ਸਾਮਲ ਲੋਕਾਂ ਨੂੰ ਬਚਾਉਣ ਦਾ ਦੋਸ ਲਗਾਇਆ ਅਤੇ ਮੰਗ ਕੀਤੀ ਕਿ ਉਹ (ਬੈਨਰਜੀ)

ਤੁਰੰਤ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਤਾਂ ਜੋ ਮਾਮਲੇ ਦੀ ਨਿਰਪੱਖ ਜਾਂਚ ਹੋ ਸਕੇ। ਭਾਜਪਾ ਦੇ ਬੁਲਾਰੇ ਨੇ ਇਹ ਵੀ ਮੰਗ ਕੀਤੀ ਕਿ ਪੁਲਸ ਕਮਿਸਨਰ, ਜਿਨ੍ਹਾਂ ਨੇ ਸੁਰੂ ‘ਚ ਪੀੜਤਾ ਦੇ ਜਬਰ ਜ਼ਿਨਾਹ ਅਤੇ ਕਤਲ ਨੂੰ ਖੁਦਕੁਸੀ ਕਰਾਰ ਦਿੱਤਾ ਸੀ ਨੂੰ ਅਸਤੀਫਾ ਦੇ ਕੇ ਜਾਂਚ ਦਾ ਸਾਹਮਣਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੱਚ ਸਾਹਮਣੇ ਆਉਣਾ ਚਾਹੀਦਾ ਹੈ। ਸੀ.ਬੀ.ਆਈ. ਮਾਮਲੇ ਦੀ ਜਾਂਚ ਕਰ ਰਹੀ ਹੈ। ਸੱਚਾਈ ਦਾ ਪਤਾ ਲਗਾਉਣ ਲਈ ਇਸ (ਸੀ.ਬੀ.ਆਈ.) ਨੂੰ ਮਮਤਾ ਬੈਨਰਜੀ ਅਤੇ ਪੁਲਸ ਕਮਿਸਨਰ ਦਾ ਪੋਲੀਗ੍ਰਾਫ ਟੈਸਟ ਕਰਵਾਉਣਾ ਚਾਹੀਦਾ ਹੈ।“

ਭਾਜਪਾ ਦੀ ਕਿਰਨ ਚੌਧਰੀ ਬਿਨਾਂ ਵਿਰੋਧ ਚੁਣੀ ਗਈ ਰਾਜ ਸਭਾ ਸੰਸਦ ਮੈਂਬਰ

ਚੰਡੀਗੜ੍ਹ 27 ਅਗਸਤ। ਹਰਿਆਣਾ ‘ਚ ਭਾਜਪਾ ਦੀ ਰਾਜ ਸਭਾ ਉਮੀਦਵਾਰ ਕਿਰਨ ਚੌਧਰੀ ਬਿਨਾਂ ਵਿਰੋਧ ਦੇ ਸੰਸਦ ਮੈਂਬਰ ਚੁਣ ਲਈ ਗਈ। ਮੰਗਲਵਾਰ ਯਾਨੀ ਕਿ ਅੱਜ ਕਿਰਨ ਨੂੰ ਰਿਟਰਨਿੰਗ ਅਫਸਰ ਸਾਕੇਤ ਕੁਮਾਰ ਨੇ ਰਾਜ ਸਭਾ ਸੀਟ ਤੋਂ ਬਿਨਾਂ ਵਿਰੋਧ ਸੰਸਦ ਮੈਂਬਰ ਚੁਣੇ ਜਾਣ ਸਰਟੀਫ਼ਿਕੇਟ ਦਿੱਤਾ। ਇਸ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੀ ਮੌਜੂਦ ਰਹੇ। ਦੱਸ ਦੇਈਏ ਕਿ ਕਿਰਨ ਚੌਧਰੀ ਸਾਬਕਾ ਮੁੱਖ ਮੰਤਰੀ ਬੰਸੀ ਲਾਲ ਦੀ ਨੂੰਹ ਹੈ। ਬੀਤੀ ਜੂਨ ਨੂੰ ਕਿਰਨ ਅਤੇ ਉਨ੍ਹਾਂ ਦੀ ਧੀ ਸ਼ਰੁਤੀ ਨੇ ਕਾਂਗਰਸ ਛੱਡ ਕੇ ਭਾਜਪਾ ਦਾ ਪੱਲਾ ਫੜ ਲਿਆ ਸੀ। ਕਿਰਨ ਨੇ ਰਾਜ ਸਭਾ ਉਮੀਦਵਾਰ ਬਣਾਏ ਜਾਣ ‘ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ, ਜੇ. ਪੀ. ਨੱਢਾ, ਮਨੋਹਰ ਲਾਲ ਖੱਟੜ ਅਤੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦਾ ਧੰਨਵਾਦ ਜਤਾਇਆ ਸੀ। ਕਿਰਨ ਨੇ ਮੁੱਖ ਮੰਤਰੀ ਸੈਣੀ ਦੀ ਮੌਜੂਦਗੀ ਵਿਚ ਹੀ 21 ਅਗਸਤ ਨੂੰਨਾਮਜਦਗੀ ਪੱਤਰ ਭਰਿਆ ਸੀ। ਦੱਸਣਯੋਗ ਹੈ ਕਿ ਕਾਂਗਰਸ ਦੇ ਸੰਸਦ ਮੈਂਬਰ ਦੀਪੇਂਦਰ ਸਿੰਘ ਹੁੱਡਾ ਦੇ ਲੋਕ ਸਭਾ ਲਈ ਚੁਣੇ ਜਾਣ ਕਾਰਨ ਹਰਿਆਣਾ ਦੀ ਇਕ ਰਾਜ ਸਭਾ ਸੀਟ ਖਾਲੀ ਹੋ ਗਈ ਸੀ। ਹਰਿਆਣਾ ‘ਚ ਕਾਂਗਰਸ ਸਮੇਤ ਕਿਸੇ ਵੀ ਵਿਰੋਧੀ ਪਾਰਟੀ ਕੋਲ ਲੋੜੀਂਦੀਆਂ ਸੀਟਾਂ ਨਹੀਂ ਸਨ, ਜਿਸ ਕਾਰਨ ਉਨ੍ਹਾਂ ਨੇ ਆਪਣੇ ਉਮੀਦਵਾਰ ਖੜ੍ਹੇ ਨਹੀਂ ਕੀਤੇ। ਜਿਸ ਤੋਂ ਬਾਅਦ ਇਹ ਤੈਅ ਹੋਇਆ ਕਿ ਕਿਰਨ ਚੌਧਰੀ ਨੂੰ ਰਾਜ ਸਭਾ ਲਈ ਚੁਣਿਆ ਜਾਵੇਗਾ। ਕਿਰਨ ਚੌਧਰੀ ਦੇ ਸਿਆਸੀ ਪਿਛੋਕੜ ਦੀ ਗੱਲ ਕਰੀਏ ਤਾਂ ਉਹ 5 ਵਾਰ ਵਿਧਾਇਕ ਅਤੇ ਦੋ ਵਾਰ ਮੰਤਰੀ ਰਹਿ ਚੁੱਕੀ ਹੈ। ਇਸ ਤੋਂ ਇਲਾਵਾ ਉਹ ਦਿੱਲੀ ਵਿਧਾਨ ਸਭਾ ਦੀ ਸਾਬਕਾ ਡਿਪਟੀ ਸਪੀਕਰ ਵੀ ਰਹਿ ਚੁੱਕੀ ਹੈ।

ਕਵਿਤਾ ਨੂੰ ਸੁਪਰੀਮ ਕੋਰਟ ਤੋਂ ਮਿਲੀ ਜਮਾਨਤ, ਜਮ੍ਹਾਂ ਕਰਨਾ ਹੋਵੇਗਾ ਪਾਸਪੋਰਟ

ਨਵੀਂ ਦਿੱਲੀ 27 ਅਗਸਤ। ਸੁਪਰੀਮ ਕੋਰਟ ਨੇ ਦਿੱਲੀ ਆਬਕਾਰੀ ਨੀਤੀ ਮਾਮਲੇ ਨਾਲ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਮਾਮਲਿਆਂ ‘ਚ ਭਾਰਤ ਰਾਸ਼ਟਰ ਸਮਿਤੀ (ਬੀ.ਆਰ.ਐੱਸ.) ਦੀ ਨੇਤਾ ਕੇ. ਕਵਿਤਾ ਨੂੰ ਮੰਗਲਵਾਰ ਨੂੰ ਜਮਾਨਤ ਦੇ ਦਿੱਤੀ।

ਜੱਜ ਬੀ.ਆਰ. ਗਵਈ ਅਤੇ ਜੱਜ ਕੇ.ਵੀ. ਵਿਸ਼ਨਾਥਨ ਦੀ ਬੈਂਚ ਨੇ ਕਿਹਾ ਕਿ ਕਵਿਤਾ ਕਰੀਬ 5 ਮਹੀਨਿਆਂ ਤੋਂ ਹਿਰਾਸਤ ‘ਚ ਹੈ ਅਤੇ ਇਨ੍ਹਾਂ ਮਮਲਿਆਂ ‘ਚ ਸੀ.ਬੀ.ਆਈ. ਅਤੇ ਈ.ਡੀ. ਦੀ ਜਾਂਚ ਪੂਰੀ ਹੋ ਗਈ ਹੈ। ਅਦਾਲਤ ਨੇ ਦੋਹਾਂ ਮਾਮਲਿਆਂ ‘ਚ 10-10 ਲੱਖ ਰੁਪਏ ਦੇ ਬਾਂਡ ‘ਤੇ ਜਮਾਨਤ ਮਿਲੀ ਹੈ। ਇਸ ਦੇ ਨਾਲ ਹੀ ਉਸ ਨੂੰ ਆਪਣਾ ਪਾਸਪੋਰਟ ਹੇਠਲੀ ਅਦਾਲਤ ਕੋਲ ਜਮ੍ਹਾਂ ਕਰਨਾ ਹੋਵੇਗਾ। ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਦੇ ਇਕ ਜੁਲਾਈ ਦੇ ਆਦੇਸ਼ ਨੂੰ ਖਾਰਜ ਕਰ ਦਿੱਤਾ, ਜਿਸ ‘ਚ ਉਨ੍ਹਾਂ ਦੀਆਂ ਜਮਾਨਤ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਗਿਆ ਸੀ। ਹਾਈ ਕੋਰਟ ਨੇ ਕਿਹਾ ਸੀ ਕਿ ਕਵਿਤਾ ਅਪਰਾਧਕ ਸਾਜਿਸ਼ ‘ਚ ਇਕ ਮੁੱਖ ਦੋਸ਼ੀ ਹੈ, ਜੋ ਹੁਣ ਰੱਦ ਕੀਤੀ ਗਈ ਦਿੱਲੀ ਆਬਕਾਰੀ ਨੀਤੀ 2021-22 ਦੇ ਨਿਰਮਾਣ ਅਤੇ ਲਾਗੂ ਕਰਨ ਨਾਲ ਸੰਬੰਧਤ ਹੈ। ਈ.ਡੀ. ਨੇ ਕਵਿਤਾ (46) ਨੂੰ 15 ਮਾਰਚ ਨੂੰ ਹੈਦਰਾਬਾਦ ਦੇ ਬੰਜਾਰਾ ਹਿਲਜ ਸਥਿਤ ਉਨ੍ਹਾਂ ਦੇ ਘਰੋਂ ਗ੍ਰਿਫਤਾਰ ਕੀਤਾ ਸੀ। ਸੀ.ਬੀ.ਆਈ. ਨੇ ਉਨ੍ਹਾਂ ਨੂੰ 11 ਅਪ੍ਰੈਲ ਨੂੰ ਤਿਹਾੜ ਜੇਲ੍ਹ ਤੋਂ ਗ੍ਰਿਫਤਾਰ ਕੀਤਾ। ਕਵਿਤਾ ਨੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

ਭਾਜਪਾ ਨੇ ਕੰਗਨਾ ਰਣੌਤ ਨੂੰ ਕੀਤਾ ਤਲਬ

ਏਜੰਸੀਆਂ

ਨਵੀਂ ਦਿੱਲੀ, 27 ਅਗਸਤ। ਵਿਵਾਦਿਤ ਬਿਆਨ ਨੂੰ ਲੈ ਕੇ ਭਾਜਪਾ ਨੇ ਕੰਗਨਾ ਰਣੌਤ ਨੂੰ ਤਲਬ ਕੀਤਾ ਹੈ। ਇਸ ਸੰਬੰਧ ‘ਚ 7 ਵਜੇ ਭਾਜਪਾ ਪ੍ਰਧਾਨ ਜੇ.ਪੀ. ਨੱਢਾ ਵੱਲੋਂ ਅਹਿਮ ਮੀਟਿੰਗ ਸੱਦੀ ਗਈ ਹੈ। ਇਸ ਮੀਟਿੰਗ ਵਿਚ ਕੰਗਨਾ ਰਣੌਤ ਨੂੰ ਮੁਲਾਕਾਤ ਲਈ ਸੱਦਿਆ ਗਿਆ ਹੈ। ਦੱਸ ਦੇਈਏ ਕਿ ਬਾਲੀਵੁੱਡ ਅਦਾਕਾਰਾ ਅਤੇ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਕਿਸੇ ਨਾ ਕਿਸੇ ਵਿਵਾਦਿਤ ਬਿਆਨ ਨੂੰ ਲੈ ਕੇ ਘਿਰੀ ਹੀ ਰਹਿੰਦੀ ਹੈ। ਹਿਮਾਚਲ ਪ੍ਰਦੇਸ ਦੀ ਮੰਡੀ ਸੀਟ ਤੋਂ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਨੇ ਬੀਤੇ ਦਿਨੀਂ ਇੱਕ ਅਖਬਾਰ ਨੂੰ ਦਿੱਤੇ ਇੰਟਰਵਿਊ ‘ਚ ਕਿਸਾਨ ਅੰਦੋਲਨ ‘ਤੇ ਵਿਵਾਦਿਤ ਬਿਆਨ ਦਿੱਤਾ ਅਤੇ ਇਸ ਨੂੰ ਬੰਗਲਾਦੇਸ ਦੀ ਘਟਨਾ ਨਾਲ ਜੋੜਿਆ ਸੀ। ਕੰਗਨਾ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਭਾਰਤ ਵਿੱਚ ਚੀਨ ਅਤੇ ਅਮਰੀਕਾ ਵਰਗੀਆਂ ਵਿਦੇਸੀ ਸਕਤੀਆਂ ਕੰਮ ਕਰਦੀਆਂ ਹਨ। ਭਾਜਪਾ ਨੇ ਕੰਗਨਾ ਦੇ ਬਿਆਨ ‘ਤੇ ਕਿਹਾ ਹੈ, “ਭਾਜਪਾ ਰਣੌਤ ਦੇ ਬਿਆਨ ਨਾਲ ਅਸਹਿਮਤੀ ਪ੍ਰਗਟਾਉਂਦੀ ਹੈ। ਪਾਰਟੀ ਵੱਲੋਂ ਕੰਗਨਾ ਰਣੌਤ ਨੂੰ ਪਾਰਟੀ ਨੀਤੀਗਤ ਮੁੱਦਿਆਂ ‘ਤੇ ਬੋਲਣ ਦੀ ਨਾ ਤਾਂ ਇਜਾਜਤ ਹੈ ਅਤੇ ਨਾ ਹੀ ਅਧਿਕਾਰ ਹੈ।“ ਭਾਜਪਾ ਨੇ ਕਿਹਾ, “ਭਾਰਤੀ ਜਨਤਾ ਪਾਰਟੀ ਨੇ ਕੰਗਨਾ ਰਣੌਤ ਨੂੰ ਭਵਿੱਖ ਵਿੱਚ ਅਜਿਹਾ ਕੋਈ

B.J.P.

ਸਾਊਥ ਕੋਰੀਆ 'ਚ ਪੰਜਾਬੀ ਮੁੰਡਾ ਲਾਪਤਾ, ਰੱਖੜੀ 'ਤੇ ਭੈਣਾਂ ਕਰਦੀਆਂ ਰਹੀਆਂ ਭਰਾ ਦੇ ਫੋਨ ਦੀ ਉਡੀਕ

ਮਾਛੀਵਾੜਾ ਸਾਹਿਬ 27 ਅਗਸਤ। ਨੇੜਲੇ ਪਿੰਡ ਮਾਛੀਵਾੜਾ ਖਾਮ ਦੇ ਨਿਵਾਸੀ ਰਾਕੇਸ਼ ਕੁਮਾਰ ਦਾ ਨੌਜਵਾਨ ਪੁੱਤਰ ਅਕਾਸ਼ਦੀਪ ਜੋ ਕਿ ਸਾਊਥ ਕੋਰੀਆ ਵਿਖ ਸ਼ੱਕੀ ਹਾਲਾਤ ਨਾਲ ਲਾਪਤਾ ਹੋ ਗਿਆ ਹੈ ਜਿਸ ਤੋਂ ਬੇਹੱਦ ਚਿੰਤੁਤ ਮਾਪਿਆਂ ਨੇ ਕੇਂਦਰ ਸਰਕਾਰ ਤੇ ਹੋਰ ਸਿਆਸੀ ਆਗੂਆਂ ਅੱਗੇ ਗੁਹਾਰ ਲਗਾਈ ਹੈ ਕਿ ਸਾਡੇ ਇਕਲੌਤੇ ਪੁੱਤ ਨੂੰ ਲੱਭਣ ਵਿਚ ਮਦਦ ਕੀਤੀ ਜਾਵੇ। ਪਿਤਾ ਰਾਕੇਸ਼ ਕੁਮਾਰ ਨੇ ਭਰੇ ਮਨ ਨਾਲ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਨੇ ਆਪਣੇ ਇਕਲੌਤੇ ਪੁੱਤਰ ਅਕਾਸ਼ਦੀਪ (24) ਨੂੰ ਸੰਨ 2020 ਵਿਚ 1 ਏਕੜ ਆਪਣੀ ਜਮੀਨ ਵੇਚ ਕੇ ਚੰਗੇ ਭਵਿੱਖ ਲਈ ਸਾਊਥ ਕੋਰੀਆ ਭੇਜਿਆ ਸੀ, ਜਿੱਥੇ ਉਹ ਰੁਜ਼ਗਾਰ ਕਰਕੇ ਪਿੱਛੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਿਹਾ ਸੀ। ਲੰਘੀਂ 16 ਅਗਸਤ 2024 ਨੂੰ ਉਸਦਾ ਲੜਕਾ ਸਾਊਥ ਕੋਰੀਆ ਵਿਖੇ ਸ਼ੱਕੀ ਢੰਗ ਨਾਲ ਲਾਪਤਾ ਹੋ ਗਿਆ ਅਤੇ ਉਸਦਾ ਮੋਬਾਇਲ ਵੀ ਬੰਦ ਹੋ ਗਿਆ। ਉਸਨੇ ਜਦੋਂ ਅਕਾਸ਼ਦੀਪ ਦੇ ਦੋਸਤਾਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਦੱਸਿਆ ਕਿ 16 ਅਗਸਤ ਨੂੰ ਸਾਊਥ ਕੋਰੀਆ ਦੇ ਪੁਲਸ ਥਾਣਾ ਸੁਵਾਨ ਦੇ ਖੇਤਰ ਵਿਚ ਰਾਤ ਸਮੇਂ ਇਕੱਠੇ ਜਾ ਰਹੇ ਸਨ ਕਿ ਉਨ੍ਹਾਂ ਪਿੱਛੇ ਪੁਲਸ ਲੱਗ ਪਈ। ਸਾਊਥ ਕੋਰੀਆ ਵਿਚ ਕੱਚੇ ਹੋਣ ਕਾਰਨ ਉਹ ਘਬਰਾ ਗਏ ਕਿ ਕਿਤੇ ਪੁਲਸ ਉਨ੍ਹਾਂ ਨੂੰ ਫੜ ਕੇ ਡਿਪੋਰਟ ਨਾ ਕਰ ਦੇਵੇ ਇਸ ਲਈ ਉਹ ਸਾਰੇ ਵੱਖ-ਵੱਖ ਭੱਜ ਗਏ ਜਿਨ੍ਹਾਂ 'ਚੋਂ ਕਾਰ ਚਾਲਕ ਫੜਿਆ ਗਿਆ। ਦੋਸਤਾਂ

ਨੇ ਦੱਸਿਆ ਕਿ ਕਾਰ ਵਿਚ ਸਵਾਰ ਉਹ ਤਿੰਨੋਂ ਬਾਅਦ ਵਿਚ ਆਪਣੇ ਘਰ ਪਰਤ ਆਏ ਪਰ ਉਨ੍ਹਾਂ ਦੇ ਪੁੱਤਰ ਅਕਾਸ਼ਦੀਪ ਦਾ ਇਸ ਘਟਨਾ ਤੋਂ ਬਾਅਦ ਕੁਝ ਪਤਾ ਨਾ ਲੱਗਾ। ਅਕਾਸ਼ਦੀਪ ਦੇ ਦੋਸਤਾਂ ਵਲੋਂ ਸਾਊਥ ਕੋਰੀਆ ਵਿਚ ਲੱਭਣ ਦੀ ਕੋਸ਼ਿਸ਼ ਵੀ ਕੀਤੀ ਗਈ ਪਰ ਕੋਈ ਸੁਰਾਗ ਨਾ ਲੱਗਾ। ਇਸ ਤੋਂ ਇਲਾਵਾ ਸਾਊਥ ਕੋਰੀਆ ਦੇ ਗੁਰਦੁਆਰਾ ਸਾਹਿਬਾਨਾਂ ਵਿਚ ਅਕਾਸ਼ਦੀਪ ਦੀ ਗੁੰਮਸ਼ੁਦਗੀ ਸਬੰਧੀ ਅਨਾਊਂਸਮੈਂਟ ਵੀ ਕਰਵਾਈ ਗਈ ਅਤੇ ਪੁਲਸ ਕੋਲ ਵੀ ਸ਼ਿਕਾਇਤ ਦਰਜ ਕਰਵਾਈ ਪਰ ਕੁਝ ਵੀ ਪਤਾ ਨਾ ਲੱਗਾ। ਪੀੜਤ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ, ਗ੍ਰਹਿ ਮੰਤਰੀ ਅਤੇ ਵਿਦੇਸ਼ ਮੰਤਰੀ ਤੋਂ ਇਲਾਵਾ ਅੰਬੈਂਸੀ ਵਿਚ ਜਾ ਕੇ ਆਪਣੇ ਪੁੱਤਰ ਦੀ ਭਾਲ ਲਈ ਗੁਹਾਰ ਲਗਾਈ ਅਤੇ ਪੱਤਰ ਦਿੱਤੇ ਪਰ ਅਜੇ ਤੱਕ ਕੋਈ ਸੁਣਵਾਈ ਨਹੀਂ ਹੋਈ। ਪਿੱਛੇ ਪਿੰਡ ਵਿਚ ਭੈਣਾਂ ਨੂੰ ਇੰਤਜ਼ਾਰ ਸੀ ਕਿ ਉਨ੍ਹਾਂ ਦੇ ਭਰਾ ਦਾ ਫੋਨ 19 ਅਗਸਤ ਨੂੰ ਰੱਖੜੀ ਵਾਲੇ ਦਿਨ ਜ਼ਰੂਰ ਆਵੇਗਾ। ਰੱਖੜੀ ਦਾ ਤਿਉਹਾਰ ਵੀ ਭੈਣਾਂ ਨੇ ਇੰਤਜ਼ਾਰ ਵਿਚ ਕੱਢ ਦਿੱਤਾ ਅਤੇ ਉਹ ਅੱਜ ਵੀ ਉਡੀਕ ਕਰਦੀਆਂ ਹਨ ਕਿ ਉਨ੍ਹਾਂ ਦੇ ਭਰਾ ਦਾ ਸੁੱਖ ਸੁਨੇਹਾ ਆਵੇ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ 16 ਅਗਸਤ ਨੂੰ ਦਿਨ ਸਮੇਂ ਅਕਾਸ਼ਦੀਪ ਦੀ ਆਪਣੀ ਮਾਂ ਨਾਲ ਆਖਰੀ ਵਾਰ ਗੱਲਬਾਤ ਹੋਈ ਸੀ ਕਿ ਉਹ ਕਹਿੰਦਾ ਸੀ ਕਿ ਛੋਟੀ ਭੈਣ ਦੇ ਵਿਆਹ ਲਈ ਪੈਸੇ ਕਮਾ ਲਵਾਂ ਅਤੇ ਫਿਰ ਉਹ ਭਾਰਤ ਪਰਤ ਆਵੇਗਾ। ਪਰਿਵਾਰ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਕੋਰੀਆ ਸਰਕਾਰ ਨਾਲ ਸੰਪਰਕ ਕਰਕੇ ਉਨ੍ਹਾਂ ਦੇ ਪੁੱਤਰ ਦੀ ਤਲਾਸ਼ ਸਬੰਧੀ ਜਲਦ ਉਪਰਾਲਾ ਕਰੇ ਕਿਉਂਕਿ ਪਿੱਛੇ ਗੁੰਮ ਹੋਏ ਲੜਕੇ ਦੀ ਮਾਂ ਤੇ ਭੈਣ ਅਤੇ ਹੋਰ ਪਰਿਵਾਰਕ ਮੈਂਬਰ ਬੇਹੱਦ ਚਿੰਤੁਤ ਹਨ।

3 ਸਾਲਾ ਮਾਸੂਮ ਨਾਲ ਜਬਰ ਜਿਨਾਹ, ਪ੍ਰਵਾਸੀ ਮਜਦੂਰ ਗ੍ਰਿਫ਼ਤਾਰ

ਹੈਦਰਾਬਾਦ 27 ਅਗਸਤ। ਤੇਲੰਗਾਨਾ ਦੇ ਸਿੱਦੀਪੇਟ ਜ਼ਿਲ੍ਹੇ 'ਚ 3 ਸਾਲਾ ਮਾਸੂਮ ਨਾਲ ਜਬਰ ਜ਼ਿਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਹਾਦਸੇ 'ਚ ਇਕ ਮਜਦੂਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਦੋਸ਼ੀ ਮਜਦੂਰ ਉੱਤਰ ਪ੍ਰਦੇਸ਼ ਦੇ ਗੋਰਖਪੁਰ ਦਾ ਰਹਿਣ ਵਾਲਾ ਹੈ ਅਤੇ ਉਸ ਨੇ 19 ਅਗਸਤ ਨੂੰ ਇਕ ਨਿਰਮਾਣ ਅਧੀਨ ਅਪਾਰਟਮੈਂਟ ਦੇ ਕਮਰੇ 'ਚ ਬੱਚੀ ਨਾਲ ਜਿਨਸੀ ਸ਼ੋਸ਼ਣ ਕੀਤਾ। ਪੁਲਸ ਅਨੁਸਾਰ ਅਪਾਰਟਮੈਂਟ 'ਚ ਪੇਂਟ ਦਾ ਕੰਮ ਕਰਨ ਆਇਆ ਦੋਸ਼ੀ ਬੱਚੀ ਨੂੰ ਖਿਡਾਉਣ ਦੇ ਬਹਾਨੇ ਉਸ ਦੇ ਪਰਿਵਾਰ ਦੇ

ਮੈਂਬਰਾਂ ਕੋਲੋਂ ਲੈ ਗਿਆ ਸੀ। ਸਿੱਦੀਪੇਟ ਪੁਲਸ ਵਲੋਂ ਜਾਰੀ ਬਿਆਨ ਅਨੁਸਾਰ ਬੱਚੀ ਦੇ ਦਾਦਾ ਨੇ ਉਸ ਦੀ ਚੀਕ ਸੁਣੀ ਅਤੇ ਉਹ ਉਸ ਨੂੰ ਬਚਾਉਣ ਲਈ ਪਹੁੰਚੇ। ਪੁਲਸ ਨੇ ਦੱਸਿਆ ਕਿ ਦਾਦਾ ਨਿਰਮਾਣ ਅਧੀਨ ਅਪਾਰਟਮੈਂਟ 'ਚ ਚੌਕੀਦਾਰ ਵਜੋਂ ਕੰਮ ਕਰਦੇ ਹਨ ਅਤੇ ਉੱਥੇ ਹੀ ਪਰਿਵਾਰ ਨਾਲ ਰਹਿੰਦੇ ਹਨ। ਪੁਲਸ ਨੇ ਕਿਹਾ ਕਿ ਪਰਿਵਾਰ ਨੇ ਇਸ ਮਾਮਲੇ 'ਚ ਐੱਫ.ਆਈ.ਆਰ. ਦਰਜ ਕਰਵਾਈ ਅਤੇ ਬੱਚੀ ਨੂੰ ਹਸਪਤਾਲ 'ਚ ਦਾਖਲ ਕਰਵਾਇਆ। ਪੁਲਸ ਨੇ ਦੋਸ਼ੀ ਨੂੰ 20 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ਨੂੰ ਨਿਆਇਕ ਹਿਰਾਸਤ 'ਚ ਭੇਜਿਆ ਗਿਆ ਹੈ। ਪੁਲਸ ਨੇ ਦੱਸਿਆ ਕਿ ਬੱਚੀ ਦਾ ਇਲਾਜ ਕੀਤਾ ਜਾ ਰਿਹਾ ਹੈ ਅਤੇ ਉਸ ਦੀ ਹਾਲਤ ਸਥਿਰ ਹੈ।

ਉੱਤਰਾਖੰਡ ਦੇ ਟਿਹਰੀ 'ਚ ਫੱਟਿਆ ਬੱਦਲ, ਕਈ ਪਿੰਡਾਂ 'ਚ ਨੁਕਸਾਨ ਹੋਣ ਦਾ ਡਰ

ਟਿਹਰੀ/ਦੇਹਰਾਦੂਨ/ਨੈਨੀਤਾਲ 27 ਅਗਸਤ। ਉੱਤਰਾਖੰਡ ਦੇ ਟਿਹਰੀ ਜ਼ਿਲ੍ਹੇ ਦੀ ਤਹਿਸੀਲ ਘਨਸਾਲੀ 'ਚ ਮੰਗਲਵਾਰ ਰਾਤ ਨੂੰ ਬੱਦਲ ਫੱਟਣ ਕਾਰਨ ਕਈ ਪਿੰਡਾਂ 'ਚ ਨੁਕਸਾਨ ਹੋਣ ਦਾ ਖਦਸਾ ਹੈ। ਇੱਥੇ ਦੋ ਘਰ ਨੁਕਸਾਨੇ ਗਏ ਹਨ, ਜਦੋਂਕਿ ਕਈ ਰਿਹਾਇਸੀ ਮਕਾਨਾਂ ਨੂੰ ਖਤਰਾ ਹੈ। ਕੁਝ ਪਸ਼ੂ ਮਲਬੇ ਹੇਠ ਜ਼ਿਦਾ ਦੱਬੇ ਹੋਏ ਹਨ। ਪ੍ਰਸ਼ਾਸਨ ਇਸ ਘਟਨਾ ਕਾਰਨ ਹੋਈ ਨੁਕਸਾਨ ਦਾ ਜਾਇਜਾ ਲੈਣ 'ਚ ਲੱਗਾ ਹੋਇਆ ਹੈ। ਦੱਸਿਆ ਜਾਂਦਾ ਹੈ ਕਿ ਭਾਰੀ ਮੀਂਹ ਕਾਰਨ ਘੰਟਾ ਘਰ ਦਾ ਮਾਲ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਇਥੇ ਪਿੰਡ ਰਾਨੀਡਾਂਗ, ਜੋਗੀਆਣਾ, ਭਟਗਾਂਵ, ਘੁੱਟੂ, ਭੀਲਾਂਗ, ਸਮਾਨਗਾਂਵ, ਵੀਣਾ, ਦੇਵਲਾਂਗ ਅਤੇ ਕੰਡਾ ਪਿੰਡਾਂ ਵਿੱਚ

ਵੀ ਭਾਰੀ ਨੁਕਸਾਨ ਹੋਣ ਦੀ ਸੰਭਾਵਨਾ ਜਤਾਈ ਗਈ ਹੈ। ਹੁਣ ਤੱਕ ਮਿਲੀ ਜਾਣਕਾਰੀ ਅਨੁਸਾਰ ਦੋ ਘਰ ਅਤੇ ਤਿੰਨ ਗਊਸ਼ਾਲਾ ਮਲਬੇ ਕਾਰਨ ਤਬਾਹ ਹੋ ਗਈਆਂ, ਜਦਕਿ ਸੱਤ ਪਸ਼ੂ ਜ਼ਿਦਾ ਦੱਬ ਗਏ। ਇੱਥੇ ਕਈ ਪੈਦਲ ਰਾਸਤੇ ਅਤੇ ਖੇਤ ਵੀ ਵਹਿ ਗਏ। ਪਿੰਡ ਰਾਣੀਡਾਂਗ ਵਿੱਚ ਕਮਲ ਸਿੰਘ ਰਾਵਤ ਅਤੇ ਮਹਾਂਵੀਰ ਸਿੰਘ ਦੇ ਮਕਾਨ ਮਲਬੇ ਕਾਰਨ ਨੁਕਸਾਨੇ ਗਏ। ਪ੍ਰਭਾਵਿਤ ਪਰਿਵਾਰਾਂ ਨੂੰ ਸਰਕਾਰੀ ਅੰਤਰ ਕਾਲਜ ਅਤੇ ਨਵਜੀਵਨ ਆਸਰਮ ਵਿੱਚ ਠਹਿਰਾਇਆ ਗਿਆ ਹੈ। ਇਸ ਤੋਂ ਇਲਾਵਾ ਮੇਂਦੂ, ਸਿੰਦਵਾਲ, ਗਵਾਨਾ ਮੱਲਾ, ਕੰਡਾਰ ਪਿੰਡ, ਦੇਵਲਿੰਗ, ਸਤਿਆਲਾ, ਬਗਰ, ਚਕਰਗਾਓਂ ਅਤੇ ਹਿੰਦ ਕੁਡਾ ਵਿੱਚ ਵੀ ਬੱਦਲ ਫਟਣ ਦੀ ਸੂਚਨਾ ਮਿਲੀ ਹੈ। ਇੱਥੇ ਅਜੇ ਤੱਕ ਕਿਸੇ ਨੁਕਸਾਨ ਦੀ ਸੂਚਨਾ ਨਹੀਂ ਹੈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਾਲੀਆ ਟੀਮਾਂ ਨੂੰ ਪ੍ਰਭਾਵਿਤ ਖੇਤਰਾਂ ਵਿੱਚ ਭੇਜਿਆ ਗਿਆ ਹੈ। ਅਜੇ ਤੱਕ ਕਿਸੇ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ।

ਹੁਣ ਵਾਹਨ ਖਰੀਦਣਾ ਹੋਇਆ ਮਹਿੰਗਾ, ਵ੍ਹੀਕਲ ਰਜਿਸਟ੍ਰੇਸ਼ਨ ਟੈਕਸ ਦਰਾਂ 'ਚ ਹੋਇਆ ਵਾਧਾ

ਚੰਡੀਗੜ੍ਹ 27 ਅਗਸਤ। ਆਉਣ ਵਾਲੇ ਤਿਉਹਾਰੀ ਸੀਜ਼ਨ ਵਿਚ ਨਵੇਂ ਵਾਹਨਾਂ ਦੀ ਸੰਭਾਵਿਤ ਖਰੀਦ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਵਾਹਨਾਂ ਦੀ ਰਜਿਸਟ੍ਰੇਸ਼ਨ ਟੈਕਸ ਦਰਾਂ ਵਿਚ ਵਾਧਾ ਕੀਤਾ ਹੈ। ਸੂਬਾ ਸਰਕਾਰ ਵੱਲੋਂ ਕੀਤਾ ਗਿਆ ਇਹ ਵਾਧਾ ਵੱਖ-ਵੱਖ ਵਾਹਨਾਂ ਦੀਆਂ ਸ਼੍ਰੇਣੀਆਂ ਦੇ ਹਿਸਾਬ ਨਾਲ ਡੇਢ ਤੋਂ ਦੋ ਫੀਸਦੀ ਤੱਕ ਕੀਤਾ ਗਿਆ ਹੈ। ਇਸ ਕਾਰਨ ਆਉਣ ਵਾਲੇ ਦਿਨਾਂ ਵਿਚ ਪੰਜਾਬ ਵਿਚ ਵਾਹਨਾਂ ਦੀ ਰਜਿਸਟ੍ਰੇਸ਼ਨ ਕਰਵਾਉਣ ਵਾਲਿਆਂ ਦੀ ਜੇਬ 'ਤੇ ਥੋੜਾ ਭਾਰ ਵਧੇਗਾ। ਇਸ ਦੇ ਨਾਲ ਹੀ ਪੁਰਾਣੇ ਵਾਹਨਾਂ ਦੀ ਰਜਿਸਟ੍ਰੇਸ਼ਨ ਰੀਨਿਊ ਕਰਦੇ ਸਮੇਂ ਕੁਝ ਵਾਧੂ ਰਕਮ ਗ੍ਰੀਨ ਟੈਕਸ ਵਜੋਂ ਅਦਾ ਕਰਨੀ ਪਵੇਗੀ। ਇਹ ਗ੍ਰੀਨ ਟੈਕਸ ਗੈਰ-ਵਪਾਰਕ ਵਾਹਨਾਂ ਲਈ 15 ਸਾਲ ਬਾਅਦ ਨਵਿਆਉਣ 'ਤੇ ਅਤੇ ਵਪਾਰਕ ਵਾਹਨਾਂ ਲਈ 8 ਸਾਲ ਬਾਅਦ ਨਵਿਆਉਣ 'ਤੇ ਲਾਗੂ ਹੋਵੇਗਾ। ਪੰਜਾਬ ਸਰਕਾਰ ਨੇ ਮੋਟਰ ਵਹੀਕਲ ਟੈਕਸ ਯਾਨੀ ਰੋਡ ਟੈਕਸ ਵਧਾ ਦਿੱਤਾ ਹੈ। ਸਰਕਾਰ ਦੇ ਟਰਾਂਸਪੋਰਟ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ ਹੁਣ ਦੋਪਹੀਆ ਵਾਹਨਾਂ ਜਾਂ ਲਗਜ਼ਰੀ ਵਾਹਨਾਂ ਵਿਚ ਸਫ਼ਰ ਕਰਨ ਦੇ ਸ਼ੌਕੀਨਾਂ ਦੀ ਜੇਬ 'ਤੇ ਥੋੜਾ ਭਾਰ ਪਵੇਗਾ। ਇਹ ਵਾਧਾ ਪੰਜਾਬ ਸਰਕਾਰ ਦੇ ਟਰਾਂਸਪੋਰਟ ਵਿਭਾਗ ਦੇ ਸਕੱਤਰ ਦਿਲਰਾਜ ਸਿੰਘ ਵੱਲੋਂ ਜਾਰੀ ਨੋਟੀਫਿਕੇਸ਼ਨ ਤਹਿਤ ਲਾਗੂ ਕੀਤਾ ਗਿਆ ਹੈ। ਨੋਟੀਫਿਕੇਸ਼ਨ ਮੁਤਾਬਕ ਵੱਖ-ਵੱਖ ਸ਼੍ਰੇਣੀਆਂ ਦੇ ਵਾਹਨਾਂ ਲਈ ਰੋਡ ਟੈਕਸ 0.50 ਤੋਂ 1.25 ਫੀਸਦੀ ਤੱਕ ਵਧਾ ਦਿੱਤਾ ਗਿਆ ਹੈ। ਨਵੀਂ ਮੋਟਰ ਵਹੀਕਲ ਟੈਕਸ ਸਲੈਬ ਮੁਤਾਬਕ ਇਸ ਨੂੰ 7.50 ਤੋਂ 13 ਫੀਸਦੀ ਤੱਕ ਤੈਅ ਕੀਤਾ ਗਿਆ ਹੈ। ਇਹ ਨਵਾਂ ਮੋਟਰ ਵਹੀਕਲ ਟੈਕਸ ਵਾਹਨਾਂ ਦੀ ਖਰੀਦ 'ਤੇ ਤੁਰੰਤ ਪ੍ਰਭਾਵ ਨਾਲ ਲਾਗੂ ਕੀਤਾ ਗਿਆ ਹੈ। ਹੁਣ ਇਕ ਤੋਂ ਦੋ ਦਿਨਾਂ ਵਿਚ ਪੂਰੇ ਪੰਜਾਬ ਵਿਚ ਨਵੀਂ ਗੱਡੀ ਦੀ ਖਰੀਦ 'ਤੇ ਨਵਾਂ ਰੋਡ ਟੈਕਸ ਜਮ੍ਹਾ ਕਰਵਾਉਣਾ ਪਵੇਗਾ। ਜਾਰੀ ਨੋਟੀਫਿਕੇਸ਼ਨ ਅਨੁਸਾਰ ਪੰਜਾਬ ਵਿਚ ਮੋਟਰ ਵਹੀਕਲ ਟੈਕਸ ਸਲੈਬ ਦੇ ਤਹਿਤ ਹੁਣ ਤੱਕ 1 ਲੱਖ ਰੁਪਏ ਜਾਂ ਇਸ ਤੋਂ ਵੱਧ ਦੀ ਕੀਮਤ ਵਾਲੇ ਵਾਹਨਾਂ 'ਤੇ ਸਿਰਫ ਦੋ ਸ਼੍ਰੇਣੀਆਂ ਵਿਚ ਰੋਡ ਟੈਕਸ ਵਸੂਲਿਆ ਜਾਂਦਾ ਸੀ। ਹੁਣ ਮਹਿੰਗੇ ਦੋਪਹੀਆ ਵਾਹਨਾਂ ਦੀ ਵਧਦੀ ਵਿਕਰੀ ਨੂੰ ਦੇਖਦੇ ਹੋਏ ਸਰਕਾਰ ਨੇ ਦੋਪਹੀਆ ਵਾਹਨਾਂ ਦੀ ਇਕ ਨਵੀਂ ਸ਼੍ਰੇਣੀ ਵੀ ਬਣਾਈ ਹੈ, ਜਿਸ ਵਿਚ 2 ਲੱਖ ਰੁਪਏ ਤੋਂ ਵੱਧ ਕੀਮਤ ਵਾਲੇ ਦੋਪਹੀਆ ਵਾਹਨ ਰੱਖੇ ਗਏ ਹਨ ਅਤੇ ਇਨ੍ਹਾਂ 'ਤੇ 11 ਫੀਸਦੀ ਰੋਡ ਟੈਕਸ ਲੱਗੇਗਾ। ਨਵੀਂ ਟੈਕਸ ਸਲੈਬ ਦਾ ਸਭ ਤੋਂ ਜ਼ਿਆਦਾ ਅਸਰ ਚਾਰ ਪਹੀਆ ਵਾਹਨਾਂ 'ਤੇ ਦੇਖਣ ਨੂੰ ਮਿਲੇਗਾ। 15 ਲੱਖ ਰੁਪਏ ਤੱਕ ਦੇ ਚਾਰ ਪਹੀਆ ਵਾਹਨ 7 ਤੋਂ 20 ਹਜ਼ਾਰ ਰੁਪਏ ਮਹਿੰਗੇ ਹੋ ਜਾਣਗੇ। ਇਸੇ ਤਰ੍ਹਾਂ 15 ਤੋਂ 25 ਲੱਖ ਰੁਪਏ ਦੀ ਕੀਮਤ ਵਾਲੇ ਵਾਹਨਾਂ ਦੇ ਰੋਡ ਟੈਕਸ ਵਿਚ ਇਕ ਫੀਸਦੀ ਦਾ ਵਾਧਾ ਕੀਤਾ ਗਿਆ ਹੈ, ਜਿਸ ਕਾਰਨ ਇਸ ਕੀਮਤ ਦਰਮਿਆਨ ਵਾਹਨ 20 ਤੋਂ 32 ਹਜ਼ਾਰ ਰੁਪਏ ਤੱਕ ਮਹਿੰਗੇ ਹੋ ਜਾਣਗੇ, ਜਦੋਂ ਕਿ ਐੱਸ.ਯੂ.ਵੀ. ਅਤੇ ਲਗਜ਼ਰੀ ਵਾਹਨਾਂ ਦੀ ਸ਼੍ਰੇਣੀ ਵਿਚ ਜੋ 25 ਲੱਖ ਰੁਪਏ ਤੋਂ ਉਪਰ ਹਨ, ਉਨ੍ਹਾਂ 'ਤੇ ਕੁੱਲ 13 ਫੀਸਦੀ ਟੈਕਸ ਲਗਾਇਆ ਗਿਆ ਹੈ।

ਕੇਰਲ 'ਚ ਮੋਹਲੇਧਾਰ ਮੀਂਹ, ਤੇਜ ਹਵਾਵਾਂ ਕਾਰਨ ਉੱਖੜੇ ਕਈ ਦਰੱਖਤ

ਤਿਰੂਵਨੰਤਪੁਰਮ 27 ਅਗਸਤ। ਕੇਰਲ ਦੇ ਕਈ ਜ਼ਿਲ੍ਹਿਆਂ ਵਿਚ ਬੁੱਧਵਾਰ ਤੜਕੇ ਮੋਹਲੇਧਾਰ ਮੀਂਹ ਅਤੇ ਤੇਜ ਹਵਾਵਾਂ ਕਾਰਨ ਦਰੱਖਤ ਉੱਖੜ ਗਏ, ਵੱਖ-ਵੱਖ ਹਿੱਸਿਆਂ ਵਿਚ ਜਾਇਦਾਦ ਨੂੰ ਨੁਕਸਾਨ ਪਹੁੰਚਿਆ। ਆਵਾਜਾਈ ਪ੍ਰਭਾਵਿਤ ਹੋਈ ਅਤੇ ਬਿਜਲੀ ਸਪਲਾਈ ਠੱਪ ਹੋ ਗਈ। ਭਾਰਤ ਮੌਸਮ ਵਿਭਾਗ ਨੇ ਸਵੇਰ ਦੇ ਸਮੇਂ ਇੱਡੁਕੀ, ਏਰਨਾਕੁਲਮ ਅਤੇ ਤ੍ਰਿਸ਼ੂਲ ਜ਼ਿਲ੍ਹਿਆਂ 'ਚ 50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਹਵਾਵਾਂ ਚੱਲਣ ਦੇ ਨਾਲ ਹੀ ਮੋਹਲੇਧਾਰ ਮੀਂਹ ਦੀ ਭਵਿੱਖਬਾਣੀ

ਕੀਤੀ ਸੀ। ਸਬੰਧਤ ਜ਼ਿਲ੍ਹਿਆਂ ਦੇ ਪ੍ਰਸ਼ਾਸਨ ਨੇ ਦੱਸਿਆ ਕਿ ਤੇਜ ਹਵਾਵਾਂ ਕਾਰਨ ਦਰੱਖਤਾਂ ਦੇ ਉੱਖੜ ਜਾਣ ਕਾਰਨ ਕੋਟਾਯਮ ਅਤੇ ਅਲਾਪੁਜਾ ਵਿਚਕਾਰ ਰੇਲ ਸੰਚਾਲਨ ਪ੍ਰਭਾਵਿਤ ਹੋਇਆ। ਸਥਾਨਕ ਪ੍ਰਸ਼ਾਸਨ ਨੇ ਦੱਸਿਆ ਕਿ ਕੋਟਾਯਮ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ 'ਚ ਡਿੱਗੇ ਦਰੱਖਤਾਂ ਕਾਰਨ ਰੁਕੀ ਗਈ ਆਵਾਜਾਈ ਨੂੰ ਬਹਾਲ ਕਰਨ ਲਈ ਫਾਇਰ ਬ੍ਰਿਗੇਡ ਦੇ ਕਰਮੀਆਂ ਨੂੰ ਭੇਜਿਆ ਗਿਆ ਹੈ। ਕੇਰਲ ਸਟੇਟ ਡਿਜਾਸਟਰ ਮੈਨੇਜਮੈਂਟ ਅਥਾਰਟੀ () ਨੇ ਕਿਹਾ ਕਿ ਮੁੱਖ ਸੜਕਾਂ 'ਤੇ ਪਾਣੀ ਭਰਨ ਦੀ ਸੰਭਾਵਨਾ ਹੈ, ਜਿਸ ਨਾਲ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ। ਨੇ ਕਿਹਾ ਕਿ ਨੀਵੇਂ ਇਲਾਕਿਆਂ ਅਤੇ ਨਦੀ ਦੇ ਕਿਨਾਰਿਆਂ ਦੇ ਕਈ ਹਿੱਸਿਆਂ ਵਿਚ ਹੜ੍ਹ ਆਉਣ, ਬਿਜਲੀ ਸਪਲਾਈ ਠੱਪ ਹੋਣ, ਮਕਾਨਾਂ ਨੂੰ ਅੰਸਕ ਤੌਰ 'ਤੇ ਨੁਕਸਾਨ ਅਤੇ ਜਮੀਨ ਖਿਸਕਣ ਦੀ ਸੰਭਾਵਨਾ ਹੈ।

ਚੋਰਾਂ ਦੇ ਹੌਸਲੇ ਬੁਲੰਦ, ਘਰਾਂ ਦੇ ਬਾਹਰ ਖੜ੍ਹੀਆਂ 2 ਗੱਡੀਆਂ ਚੋਰੀ ਕਰ ਕੇ ਹੋਏ ਰਫੂਚੱਕਰ

ਖਰੜ 27 ਅਗਸਤ। ਥਾਣਾ ਸਿਟੀ ਅਧੀਨ ਆਉਂਦੀਆਂ ਦੋ ਵੱਖ-ਵੱਖ ਥਾਵਾਂ ਤੋਂ ਦੋ ਕਾਰਾਂ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਸ ਵੱਲੋਂ ਇਸ ਸਬੰਧੀ ਅਣਪਛਾਤੇ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਪਹਿਲੀ ਘਟਨਾ ਮਕਾਨ ਨੰਬਰ 2748 ਸੈਕਟਰ -125 ਸਾਹਮਣੇ ਐਮਾਜੋਨ ਟਾਵਰ ਸਨੀ ਇਨਕਲੇਵ ਦੀ ਹੈ। ਨਿਵਾਸੀ ਸੋਰਜਸਜੀਤ ਸਿੰਘ ਮੁਤਾਬਕ ਉਸ ਦਾ ਪ੍ਰਾਪਰਟੀ ਵੇਚਣ-ਖਰੀਦਣ ਦਾ ਕਾਰੋਬਾਰ

ਨਹਿਰ 'ਚ ਡੁੱਬਣ ਨਾਲ ਮਰੇ ਬੱਚਿਆਂ ਦੇ ਮਾਪਿਆਂ ਨੂੰ ਦਿੱਤੇ ਗਏ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ

ਅੰਮ੍ਰਿਤਸਰ/ਹਰਸ਼ਾ ਛੀਨਾ 27 ਅਗਸਤ। ਕਰੀਬ ਦੋ ਮਹੀਨੇ ਪਹਿਲਾਂ ਪਿੰਡ ਤੋਲਾ ਨੰਗਲ ਦੇ ਤਿੰਨ ਬੱਚਿਆਂ ਦੀ ਲਾਹੌਰ ਬ੍ਰਾਂਚ ਨਹਿਰ 'ਚ ਡੁੱਬਣ ਕਾਰਨ ਮੌਤ ਹੋ ਗਈ ਸੀ, ਜਿਨ੍ਹਾਂ ਵਿੱਚੋਂ 2 ਮ੍ਰਿਤਕ ਬੱਚਿਆਂ ਜਸਕਰਨ ਅਤੇ ਕ੍ਰਿਸ ਦੇ ਪਰਿਵਾਰਕ ਮੈਂਬਰਾਂ ਕਾਲਾ ਸਿੰਘ ਅਤੇ ਕਿਰਪਾਲ ਸਿੰਘ ਨੂੰ ਬਲਦੇਵ ਸਿੰਘ

ਮਿਆਦੀਆਂ ਚੇਅਰਮੈਨ ਪਨਗਰੇਨ ਨੇ ਪੰਜਾਬ ਸਰਕਾਰ ਵੱਲੋਂ ਦਿੱਤੀ ਆਰਥਿਕ ਮਦਦ ਵਜੋਂ ਦੋ ਦੋ ਲੱਖ ਦੇ ਚੈੱਕ ਭੇਟ ਕੀਤੇ। ਇਸ ਮੌਕੇ ਪੀੜਤ ਪਰਿਵਾਰਾਂ ਨੂੰ ਚੈੱਕ ਤਕਸੀਮ ਕਰਦੇ ਸਮੇਂ ਬਲਦੇਵ ਸਿੰਘ ਮਿਆਦੀਆਂ ਚੇਅਰਮੈਨ ਪਨਗਰੇਨ ਨੇ ਕਿਹਾ ਕਿ ਮੇਰਾ ਹਲਕਾ ਮੇਰਾ ਪਰਿਵਾਰ ਹੈ ਅਤੇ ਮੈਂ ਆਪਣੇ ਹਲਕੇ ਦੇ ਹਰੇਕ ਪਰਿਵਾਰ ਦੇ ਦੁੱਖ ਸੁੱਖ ਵਿਚ ਭਾਈਵਾਲ ਹੋਵਾਂਗਾ। ਇਸ ਮੌਕੇ ਪੀੜਤ ਪਰਿਵਾਰ ਦੇ ਮੈਂਬਰਾਂ ਨੇ ਚੇਅਰਮੈਨ ਸਮੇਤ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਤਹਿਸੀਲਦਾਰ ਜਸਵਿੰਦਰ ਸਿੰਘ ਰਾਮ ਸਿੰਘ ਮਨਜਿੰਦਰ ਸਿੰਘ ਤੋਲਾ ਨੰਗਲ, ਮਨਦੀਪ ਸਿੰਘ ਬੰਟੀ ਛੀਨਾ ਬਲਾਕ ਪ੍ਰਧਾਨ, ਗੁਰਬਾਜ ਸਿੰਘ ਕੋਟਲਾ ਡੂਮ, ਰਣਜੀਤ ਸਿੰਘ ਹੀਰ ਮਲਕੀਤ ਸਿੰਘ ਦੋਵੇਂ ਮੀਡੀਆ ਸਲਾਹਕਾਰ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਆਗੂ ਸਾਹਿਬਾਨ ਅਤੇ ਪ੍ਰਸ਼ਾਸਨ ਦੇ ਅਧਿਕਾਰੀ ਹਾਜਰ ਸਨ।

ਰੇਲਵੇ ਸਟੇਸਨ 'ਤੇ ਯਾਤਰੀ ਨਹੀਂ ਕਰਦੇ ਰੇਲ ਨਿਯਮਾਂ ਦੀ ਪ੍ਰਵਾਹ

ਅੰਮ੍ਰਿਤਸਰ 27 ਅਗਸਤ। ਅੰਮ੍ਰਿਤਸਰ ਦਾ ਰੇਲਵੇ ਸਟੇਸਨ ਭਾਵੇਂ ਕਿ ਦੇਸ ਦੇ ਚੁਣੇ ਹੋਏ ਪਹਿਲੇ 10 ਰੇਲਵੇ ਸਟੇਸਨਾਂ ਦੀ ਸ੍ਰੇਣੀ ਵਿਚ ਆਉਂਦਾ ਹੈ ਅਤੇ ਇਕ ਮਾਡਲ ਰੇਲਵੇ ਸਟੇਸਨ ਵਜੋਂ ਜਾਣਿਆ ਜਾਂਦਾ ਹੈ, ਪਰ ਸਟੇਸਨ ਦੇ ਕੁਝ ਅਧਿਕਾਰੀ ਤੇ ਕੁਝ ਰੇਲਵੇ ਪੁਲਸ ਕਰਮਚਾਰੀ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਹੀਂ ਨਿਭਾ ਰਹੇ। ਜਿਸ ਕਾਰਨ ਇਕ ਤਾਂ ਰੇਲਵੇ ਯਾਤਰੀਆਂ ਨੂੰ ਮਾਡਲ ਸਟੇਸਨ ਦੀਆਂ ਪੂਰੀਆਂ ਸਹੂਲਤਾਂ ਨਹੀਂ ਮਿਲ ਰਹੀਆਂ ਤੇ ਦੂਜਾ ਇੱਥੇ ਅਕਸਰ ਹੀ ਕਈ ਹਾਦਸੇ ਵਾਪਰ ਰਹੇ ਹਨ, ਜਿਸ ਕਾਰਨ ਕਈ ਲੋਕਾਂ ਨੂੰ ਤਾਂ ਆਪਣੀ ਜਾਨ ਵੀ ਗਵਾਉਣੀ ਪਈ ਹੈ। ਦੱਸ ਦਈਏ ਕਿ ਰੇਲਵੇ ਸਟੇਸਨ 'ਤੇ ਦੋ ਪੁਲਸ ਬਲ (ਆਰ. ਪੀ. ਐੱਫ ਅਤੇ ਜੀ. ਆਰ. ਪੀ. ਪੁਲਸ ਬਲ) ਤਾਇਨਾਤ ਹਨ। ਇਨ੍ਹਾਂ ਦੋਵਾਂ ਪੁਲਸ ਬਲਾਂ ਕੋਲ ਸੁਰੱਖਿਆ ਕਰਮਚਾਰੀਆਂ ਦੀ ਕਾਫੀ ਲੰਬੀ ਚੌੜੀ ਫੌਜ ਹੈ। ਇਸ ਦੇ ਬਾਵਜੂਦ ਰੇਲਵੇ ਸਟੇਸਨ 'ਤੇ ਤਾਇਨਾਤ ਦੋਵੇਂ ਪੁਲਸ ਬਲਾਂ ਦੇ ਨੱਕ ਹੇਠਾਂ ਹੀ ਸਰੇਆਮ ਰੇਲਵੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਰੇਲਵੇ ਸਟੇਸਨ 'ਤੇ ਲੋਕ ਸਰੇਆਮ ਹੀ ਇਨ੍ਹਾਂ ਸੁਰੱਖਿਆ ਕਰਮਚਾਰੀਆਂ ਦੀ ਮੌਜੂਦਗੀ ਵਿਚ ਰੇਲਵੇ ਨਿਯਮਾਂ ਦੀਆਂ ਧੱਜੀਆਂ ਉਡਾ ਰਹੇ ਹਨ ਅਤੇ ਆਪਣੀ ਜਾਨ ਨੂੰ ਜੋਖਮ 'ਚ ਪਾ ਕੇ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸੁਰੱਖਿਆ ਮੁਲਾਜਮ ਸਭ ਕੁਝ ਦੇਖਣ ਦੇ ਬਾਵਜੂਦ ਸਿਰਫ ਮੂਕ ਦਰਸਕ ਦਾ ਰੋਲ ਨਿਭਾ ਰਹੇ ਹਨ। ਇਸ ਲਈ ਉਨ੍ਹਾਂ ਦੀ





ਕਾਰਜਸੈਲੀ 'ਤੇ ਕਈ ਸਵਾਲੀਆ ਨਿਸਾਨ ਖੜ੍ਹੇ ਹੋ ਰਹੇ ਹਨ। ਇਹ ਸੰਬਧੀ ਜਦ ਰੇਲਵੇ ਸਟੇਸਨ 'ਤੇ ਸਾਰੀ ਸਥਿਤੀ ਦਾ ਜਾਇਜਾ ਲਿਆ ਤਾਂ ਉਥੋਂ ਦੇ ਹਾਲਾਤ ਬੜੇ ਹੈਰਾਨੀਜਨਕ ਅਤੇ ਭਿਆਨਕ ਦਿਖੇ। ਉੱਥੇ ਤਾਇਨਾਤ ਰੇਲਵੇ ਪੁਲਸ ਮੁਲਾਜਮਾਂ ਦੀ ਨੱਕ ਹੇਠ ਮੁਸਾਫਰ ਰੇਲਵੇ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਪਲੇਟਫਾਰਮ ਨੰਬਰ 1 ਅਤੇ 2 ਦੇ ਵਿਚਕਾਰ ਰੇਲਵੇ ਲਾਈਨਾਂ ਨੂੰ ਪਾਰ ਕਰ ਰਹੇ ਸਨ ਹਾਲਾਂਕਿ ਉਸੇ ਹੀ ਰੇਲਵੇ ਟਰੈਕ ਤੇ ਗੱਡੀਆਂ ਦਾ ਆਉਣਾ ਜਾਣਾ ਬਰਦਸਤੂਰ ਜਾਰੀ ਸੀ। ਇਸ ਕਰ ਕੇ ਉੱਥੇ ਕਿਸੇ ਵੀ ਵਕਤ ਕੋਈ ਵੱਡੀ ਘਟਨਾ ਵਾਪਰ ਸਕਦੀ ਸੀ ਅਤੇ ਲੋਕ ਰੇਲ ਗੱਡੀ ਹੇਠਾਂ ਵੀ ਆ ਸਕਦੇ ਸਨ। ਇਸ ਦੌਰਾਨ ਵੇਖਿਆ ਕਿ ਪਲੇਟਫਾਰਮ ਨੰਬਰ 1 'ਤੇ ਦੋ-ਤਿੰਨ ਸੁਰੱਖਿਆ ਮੁਲਾਜਮ ਤਾਇਨਾਤ ਸਨ ਪਰ ਉਹ ਇਸ ਦੀ ਪ੍ਰਵਾਹ ਕੀਤੇ ਬਿਨਾਂ ਆਪਣੀਆਂ ਗੱਲਾਂ 'ਚ ਰੁੱਝੇ ਦਿਖਾਈ ਦਿੱਤੇ। ਵਰਨਣਯੋਗ ਹੈ ਕਿ ਅਜਿਹਾ ਕਰਦੇ ਸਮੇਂ ਕਈ ਲੋਕ ਰੇਲ ਗੱਡੀਆਂ ਦੀ ਲਪੇਟ 'ਚ ਆਉਣ ਕਾਰਨ ਮੌਤ ਦੇ ਮੂੰਹ 'ਚ ਵੀ ਜਾ ਚੁੱਕੇ ਹਨ। ਇਸ ਦੇ ਬਾਵਜੂਦ ਰੇਲਵੇ ਸੁਰੱਖਿਆ ਕਰਮਚਾਰੀ ਅਜੇ ਵੀ ਚੌਕਸ ਨਹੀਂ ਹਨ ਅਤੇ ਰੇਲਵੇ ਯਾਤਰੀ ਵੀ ਖੁੱਲ੍ਹੇਆਮ ਰੇਲਵੇ ਨਿਯਮਾਂ ਦੀਆਂ ਧੱਜੀਆਂ ਉਡਾਉਂਦੇ ਨਜਰ ਆ ਰਹੇ ਹਨ ਅਤੇ ਆਪਣੀ ਜਾਨ ਖਤਰੇ 'ਚ ਪਾ ਰਹੇ ਹਨ। ਇਸ ਤੋਂ ਇਲਾਵਾ ਮਾਲ ਦੀ ਢੋਆ-ਢੁਆਈ ਕਰਨ ਵਾਲੇ ਰੇਲਵੇ ਦੇ ਕਾਰਕੁੰਨ ਵੀ ਇਨ੍ਹਾਂ ਨਿਯਮਾਂ ਦੀ ਅਣਦੇਖੀ ਕਰਦੇ ਹੋਏ ਉਥੇ ਬਣੇ ਪੌੜੀ ਪੁਲ ਦੀ ਵਰਤੋਂ ਨਹੀਂ ਕਰ ਰਹੇ ਸਨ ਅਤੇ ਪੈਦਲ ਹੀ ਰੇਲਵੇ ਲਾਈਨਾਂ ਪਾਰ ਕਰ ਕੇ ਸਾਰੇ ਸਾਮਾਨ ਦੀ ਢੋਆ-ਢੁਆਈ ਕਰ ਰਹੇ ਸਨ। ਇਸ ਤੋਂ ਇਲਾਵਾ ਕੁਝ ਮਹਿਲਾ ਰੇਲਵੇ ਯਾਤਰੀਆਂ ਨੂੰ ਆਪਣੀ ਜਾਨ ਖਤਰੇ 'ਚ ਪਾ ਕੇ ਸਟੇਸਨ 'ਤੇ ਚੱਲਦੀ ਟਰੇਨ 'ਚ ਸਵਾਰ ਹੁੰਦੇ ਦੇਖਿਆ ਗਿਆ, ਜਿਸ ਕਾਰਨ ਉਥੇ ਕਿਸੇ ਵੀ ਵੇਲੇ ਕੋਈ ਅਣਸੁਖਾਵੀਂ ਘਟਨਾ ਵਾਪਰ ਸਕਦੀ ਸੀ ਪਰ ਉਥੇ ਮੌਜੂਦ ਕਿਸੇ ਵੀ ਰੇਲਵੇ ਅਧਿਕਾਰੀ ਜਾਂ ਰੇਲਵੇ ਪੁਲਸ ਮੁਲਾਜਮ ਨੇ ਉਨ੍ਹਾਂ ਨੂੰ ਅਜਿਹਾ ਨਾ ਕਰਨ ਬਾਰੇ ਕੁਝ ਨਹੀਂ ਕਿਹਾ। ਇਸ ਦੇ ਨਾਲ ਹੀ ਨੇੜੇ ਆ ਰਹੇ ਰੇਲਵੇ ਇੰਜਣ ਤੋਂ ਥੋੜ੍ਹੀ ਹੀ ਦੂਰੀ 'ਤੇ ਕੁਝ ਲੋਕ ਖੁੱਲ੍ਹੇਆਮ ਰੇਲਵੇ ਲਾਈਨਾਂ ਪਾਰ ਕਰਦੇ ਦੇਖੇ ਗਏ, ਪਰ ਇਹ ਉਨ੍ਹਾਂ ਲੋਕਾਂ ਦੀ ਚੰਗੀ ਕਿਸਮਤ ਸੀ ਕਿ ਕੀ ਰੇਲਵੇ ਇੰਜਨ ਅਤੇ ਉਹਨਾਂ ਦੇ ਵਿਚਕਾਰ ਇੱਕ ਦੋ ਸੈਕਿੰਡ ਦਾ ਹੀ ਫਰਕ ਰਹਿ ਗਿਆ, ਨਹੀਂ ਤਾਂ ਕੋਈ ਵੱਡਾ ਹਾਦਸਾ ਵੀ ਵਾਪਰ ਸਕਦਾ ਸੀ। ਇੱਥੇ ਸਵਾਲ ਇਹ ਹੈ ਕਿ ਰੇਲਵੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲੋਕਾਂ ਨੂੰ ਫੜਨ ਲਈ ਆਰਪੀਐਫ ਹਰ ਰੋਜ ਵੱਡੀ ਮੁਹਿਮ ਚਲਾ ਰਹੀ ਹੈ, ਪਰ ਇਨ੍ਹਾਂ ਯਾਤਰੀਆਂ ਤੇ ਰੇਲਵੇ ਮੁਲਾਜਮਾਂ ਦੀ ਨਜਰ ਕਿਉਂ ਨਹੀਂ ਪੇ ਰਹੀ? ਜੋ ਰੇਲਵੇ ਨਿਯਮਾਂ ਦੀਆਂ ਧੱਜੀਆਂ ਉਡਾ ਉਡਾਉਂਦੇ ਹੋਏ ਆਪਣੀ ਗਿਆਨ ਜੋ ਕਿ ਵਿਚ ਪਾਉਂਦੇ ਹਨ। ਦੂਜੇ ਪਾਸੇ ਜੀ. ਆਰ. ਪੀ. ਅਤੇ ਆਰ. ਪੀ. ਐੱਫ. ਸੁਰੱਖਿਆ ਬਲ ਸਟੇਸਨ 'ਤੇ ਸਥਿਤੀ ਨੌ ਬਰ ਨੌਰ ਹੋਣ ਦੇ ਵੱਡੇ-ਵੱਡੇ ਦਾਅਵੇ ਕਰਦੇ ਹਨ ਪਰ ਸੱਚਾਈ ਇਨ੍ਹਾਂ ਸਾਰੇ ਦਾਅਵਿਆਂ ਦੇ ਉਲਟ ਹੈ।

ਯਮਨ ਦੇ ਤੱਟ 'ਤੇ ਕਿਸਤੀ ਪਲਟਣ ਨਾਲ 13 ਲੋਕਾਂ ਦੀ ਮੌਤ, 14 ਲਾਪਤਾ

ਅਦਨ 27 ਅਗਸਤ। ਯਮਨ ਦੇ ਤੱਟ 'ਤੇ ਪਰਵਾਸੀਆਂ ਦੀ ਕਿਸਤੀ ਪਲਟਣ ਕਾਰਨ ਘੱਟੋ-ਘੱਟ 13 ਲੋਕਾਂ ਦੀ ਮੌਤ ਹੋ ਗਈ ਅਤੇ 14 ਹੋਰ ਲਾਪਤਾ ਹਨ। ਇਹ ਜਾਣਕਾਰੀ ਇੰਟਰਨੈਸਨਲ ਆਰਗੇਨਾਈਜੇਸਨ ਫਾਰ ਮਾਈਗ੍ਰੇਸਨ (ਆਈਓਐੱਮ) ਨੇ ਐਤਵਾਰ ਨੂੰ ਦਿੱਤੀ। ਆਈਓਐੱਮ ਦੀਆਂ ਫੀਲਡ ਰਿਪੋਰਟਾਂ ਦੇ ਅਨੁਸਾਰ, ਜਹਾਜ ਜੋ ਕਿ ਜਿਬੂਤੀ ਤੋਂ ਰਵਾਨਾ ਹੋਇਆ ਸੀ, 25 ਇਥੋਪੀਆਈ ਪ੍ਰਵਾਸੀਆਂ ਅਤੇ ਦੋ ਯਮਨ ਦੇ ਨਾਗਰਿਕਾਂ ਨੂੰ ਲੈ ਕੇ ਜਾ ਰਿਹਾ ਸੀ ਜਦੋਂ ਇਹ ਮੰਗਲਵਾਰ ਨੂੰ ਬਾਨੀ ਅਲ-ਹਕਮ ਉਪ-ਜਿ?ਲੇ ਦੇ ਦੁਬਾਬ ਜਿ?ਲ੍ਹੇ ਦੇ ਨੇੜੇ ਪਲਟ ਗਿਆ। ਆਈਓਐੱਮ ਨੇ ਕਿਹਾ ਕਿ ਮ੍ਰਿਤਕਾਂ ਦੀਆਂ ਲਾਸਾਂ, ਜਿਨ੍ਹਾਂ 'ਚ 11 ਪੁਰਸਾਂ ਅਤੇ ਦੋ ਔਰਤਾਂ ਸਨ, ਨੂੰ ਬਰਾਮਦ ਕਰ ਲਿਆ ਗਿਆ ਹੈ, ਜਦੋਂ ਕਿ ਬਾਕੀ ਲਾਪਤਾ ਵਿਅਕਤੀਆਂ ਨੂੰ ਲੱਭਣ ਲਈ ਖੋਜ ਅਭਿਆਨ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਹਾਜ ਦੇ ਡੁੱਬਣ ਦਾ ਕਾਰਨ ਅਜੇ ਵੀ ਅਸਪਸਟ ਹੈ। ਆਈਓਐੱਮ ਯਮਨ ਲਈ ਮਿਸਨ ਦੇ ਕਾਰਜਕਾਰੀ ਮੁਖੀ ਮੈਟ ਹੂਬਰ ਨੇ ਕਿਹਾ ਕਿ ਇਹ ਤਾਜਾ ਤ੍ਰਾਸਦੀ ਇਸ ਰੂਟ 'ਤੇ ਪ੍ਰਵਾਸੀਆਂ ਨੂੰ ਦਰਪੇਸ ਖਤਰਿਆਂ ਦੀ ਯਾਦ ਦਿਵਾਉਂਦੀ ਹੈ... ਇਹ ਜਰੂਰੀ ਹੈ ਕਿ ਅਸੀਂ ਇਨ੍ਹਾਂ ਵਿਨਾਸਕਾਰੀ ਨੁਕਸਾਨਾਂ ਨੂੰ ਆਮ ਨਾ ਕਰੀਏ ਅਤੇ ਇਸ ਦੀ ਬਜਾਏ ਇਹ ਯਕੀਨੀ ਬਣਾਉਣ ਲਈ ਸਮੂਹਿਕ ਤੌਰ 'ਤੇ ਕੰਮ ਕਰੀਏ ਕਿ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਸਫਰ ਦੌਰਾਨ ਸੁਰੱਖਿਅਤ ਕੀਤਾ ਜਾਵੇ। ਵਾਰ-ਵਾਰ ਚੇਤਾਵਨੀਆਂ ਅਤੇ ਦਖਲਅੰਦਾਜੀ ਦੇ ਬਾਵਜੂਦ, ਯਮਨ ਦੇ ਪਾਣੀਆਂ ਨੇ ਚਿੰਤਾਜਨਕ ਦਰ ਨਾਲ ਹਾਦਸੇ ਵਾਪਰ ਰਹੇ ਹਨ। ਦੇ ਡਿਸਪਲੇਸਮੈਂਟ ਟ੍ਰੈਕਿੰਗ ਮੈਟ੍ਰਿਕਸ ਨੇ 2023 ਵਿੱਚ ਯਮਨ ਵਿੱਚ 97,200 ਤੋਂ ਵੱਧ ਪ੍ਰਵਾਸੀਆਂ ਦੀ ਆਮਦ ਨੂੰ ਰਿਕਾਰਡ ਕੀਤਾ, ਜੋ ਪਿਛਲੇ ਸਾਲ ਦੇ ਅੰਕੜਿਆਂ ਨੂੰ ਪਛਾੜਦਾ ਹੈ। ਹਾਲਾਂਕਿ, ਯਮਨ ਵਿੱਚ ਚੱਲ ਰਹੇ ਸੰਘਰਸ ਅਤੇ ਵਿਗੜਦੀਆਂ ਸਥਿਤੀਆਂ ਨੇ ਬੁਨਿਆਦੀ ਸੇਵਾਵਾਂ ਤੱਕ ਸੀਮਤ ਪਹੁੰਚ ਅਤੇ ਹਿੰਸਾ ਅਤੇ ਸੋਸਣ ਵਿਚ ਪ੍ਰਵਾਸੀਆਂ ਨੂੰ ਫਸਾਇਆ ਹੈ।

ਹੋਟਲ 'ਚ ਲੱਗੀ ਅੱਗ, ਇਕ ਹਿੱਸਾ ਨੁਕਸਾਨਿਆ ਗਿਆ

ਸ਼੍ਰੀਨਗਰ 27 ਅਗਸਤ। ਜੰਮੂ-ਕਸਮੀਰ 'ਚ ਸ੍ਰੀਨਗਰ ਦੇ ਪੌਸ਼ ਇਲਾਕੇ 'ਚ ਸਥਿਤ ਇਕ ਹੋਟਲ 'ਚ ਅੱਗ ਲੱਗਣ ਦੀ ਘਟਨਾ ਸਾਹਮਣੇ ਆਈ ਹੈ। ਅੱਗ ਲੱਗਣ ਕਾਰਨ ਹੋਟਲ ਦਾ ਇਕ ਹਿੱਸਾ ਨੁਕਸਾਨਿਆ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਫਾਇਰ ਅਤੇ ਐਮਰਜੈਂਸੀ ਸੇਵਾਵਾਂ ਦੇ ਅਧਿਕਾਰੀਆਂ ਨੇ ਦੱਸਿਆ ਕਿ ਅੱਜ ਦੁਪਹਿਰ ਕਰੀਬ 1.40 ਵਜੇ ਸ਼੍ਰੀਨਗਰ ਦੇ ਪੌਸ਼ ਇਲਾਕੇ ਰਾਜਬਾਗ ਵਿਚ ਜੀਰੋ ਬ੍ਰਿਜ ਨੇੜੇ ਹੋਟਲ 'ਲੱਕੀ ਅਕਬਰ' ਵਿਚ ਅੱਗ ਲੱਗ ਗਈ, ਜਿਸ ਨਾਲ ਹੋਟਲ ਦਾ ਇਕ ਹਿੱਸਾ ਪੂਰੀ ਤਰ੍ਹਾਂ ਨੁਕਸਾਨਿਆ ਗਿਆ। ਅਧਿਕਾਰੀਆਂ ਨੇ ਅੱਗ ਦੀਆਂ ਲਪਟਾਂ ਨੂੰ ਆਲੇ-ਦੁਆਲੇ ਦੀਆਂ ਹੋਰ ਇਮਾਰਤਾਂ ਵਿਚ ਫੈਲਣ ਤੋਂ ਪਹਿਲਾਂ ਉਸ ਨੂੰ ਬੁਝਾਉਣ ਲਈ ਸਿਟੀ ਸੈਂਟਰ ਤੋਂ ਕਈ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਘਟਨਾ ਵਾਲੀ ਥਾਂ 'ਤੇ ਭੇਜਿਆ ਗਿਆ।

ਕਿਸੇ ਦੀ ਜਾਨ ਨਾਲੋਂ ਜ?ਿਆਦਾ ਜਰੂਰੀ ਹੋ ਗਿਆ ਮੋਬਾਇਲ ! ਤੜਫਦੀ ਰਹੀ ਮਰੀਜ

ਲੁਧਿਆਣਾ 27 ਅਗਸਤ। ਲੁਧਿਆਣਾ ਤੋਂ ਇਕ ਮੰਦਭਾਗੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਸਿਵਲ ਹਸਪਤਾਲ ਵਿੱਚ ਮਹਿਲਾ ਮਰੀਜ ਦੀ ਮੌਤ ਹੋ ਜਾਣ ਤੋਂ ਬਾਅਦ ਉਸ ਦੇ ਪਰਿਵਾਰਕ ਮੈਂਬਰਾਂ ਨੇ ਦੋਸ ਲਾਇਆ ਕਿ ਵਾਰ-ਵਾਰ ਫੋਨ ਕਰਨ ਦੇ ਬਾਵਜੂਦ ਨਰਸ ਮਰੀਜ ਨੂੰ ਦੇਖਣ ਨਹੀਂ ਆਈ ਸਗੋਂ ਉਹ ਆਪਣੇ ਫੋਨ 'ਤੇ ਰੁੱਝੀ ਰਹੀ ਅਤੇ ਉਡੀਕ ਕਰਨ ਲਈ ਕਹਿੰਦੀ ਰਹੀ। ਇਸ ਦੌਰਾਨ ਇਲਾਜ ਨਾ ਹੋਣ ਕਾਰਨ ਮਰੀਜ ਦੀ ਤਬੀਅਤ ਵਿਗੜ ਗਈ ਅਤੇ ਉਸ ਦੀ ਮੌਤ ਹੋ ਗਈ। ਜਾਣਕਾਰੀ ਦਿੰਦੇ ਹੋਏ ਮਰੀਜ ਦੀ ਰਿਸਤੇਦਾਰ ਪਰਮਜੀਤ ਕੌਰ ਨੇ ਦੱਸਿਆ ਕਿ ਉਸ ਦੀ ਮਾਸੀ ਸੁਰਿੰਦਰ ਕੌਰ ਨੂੰ 20 ਅਗਸਤ ਨੂੰ ਕਿਡਨੀ ਤੇ ਲਿਵਰ 'ਚ ਇਨਫੈਕਸ਼ਨ ਕਾਰਨ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਇਸ ਦੌਰਾਨ ਰਾਤ ਨੂੰ ਹਸਪਤਾਲ 'ਚ ਮਰੀਜ ਦੀ ਹਾਲਤ ਵਿਗੜਨ ਲੱਗੀ ਪਰ ਡਿਊਟੀ 'ਤੇ ਮੌਜੂਦ ਕਿਸੇ ਵੀ ਨਰਸ ਨੇ ਉਸ ਵੱਲ ਧਿਆਨ ਨਾ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਇਕ ਨਰਸ ਨੂੰ ਵਾਰ-ਵਾਰ ਮਰੀਜ ਦੀ ਹਾਲਤ ਖਰਾਬ ਹੋਣ ਬਾਰੇ ਦੱਸਿਆ। ਉਹ ਨਰਸ ਆਪਣੇ ਫੋਨ 'ਤੇ ਹੀ ਰੁੱਝੀ ਰਹੀ, ਜਿਸ ਕਾਰਨ ਮਰੀਜ ਦੀ ਮੌਤ ਹੋ ਗਈ। ਮ੍ਰਿਤਕ ਔਰਤ ਦੇ ਪੁੱਤਰ ਚਰਨਜੀਤ ਸਿੰਘ ਨੇ ਵੀ ਉਕਤ ਦੋਸਾਂ ਨੂੰ ਦੁਹਰਾਇਆ। ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਰੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇਗੀ ਅਤੇ ਦੋਸ ਸਾਬਤ ਹੋਣ 'ਤੇ ਕਿਸੇ ਵੀ ਦੋਸੀ ਨੂੰ ਬਖਸ?ਿਆ ਨਹੀਂ ਜਾਵੇਗਾ। ਜ?ਿਕਰਯੋਗ ਹੈ ਕਿ ਹਸਪਤਾਲ 'ਚ ਚਾਰਜ ਸੰਭਾਲਣ ਤੋਂ ਬਾਅਦ ਡਾਕਟਰ ਹਰਪ੍ਰੀਤ ਸਿੰਘ ਦਾ ਪਹਿਲਾ ਹੀ ਦਿਨ ਸੀ।

ਕੁੜੀ ਦਾ ਮੋਬਾਈਲ ਅਤੇ ਪਰਸ ਖੋਹ ਕੇ ਫਰਾਰ ਹੋਣ ਵਾਲੇ 3 ਨੌਜਵਾਨਾਂ ਵਿਰੁੱਧ ਕੇਸ ਦਰਜ

ਬਟਾਲਾ 27 ਅਗਸਤ। ਕੁੜੀ ਦਾ ਮੋਬਾਈਲ ਅਤੇ ਪਰਸ ਖੋਹ ਕੇ ਫਰਾਰ ਹੋਣ ਵਾਲੇ 3 ਨੌਜਵਾਨਾਂ ਖਿਲਾਫ ਥਾਣਾ ਫਤਿਹਗੜ੍ਹ ਚੂੜੀਆਂ ਦੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਪੁਲਸ ਨੂੰ ਦਰਜ ਕਰਵਾਏ ਬਿਆਨ ਰਕਸ਼ਾ ਦੇਵੀ ਪਤਨੀ ਜਤਿੰਦਰ ਕੁਮਾਰ ਵਾਸੀ ਭਰੋਲਾ ਕਲਾਂ, ਡਿਵੀਜ਼ਨ ਨੰ.2 ਪਠਾਨਕੋਟ ਹਾਲ ਵਾਸੀ ਅਜਨਾਲਾ ਰੋਡ, ਸਾਹਮਣੇ ਐੱਚ.ਡੀ.ਐੱਫ.ਸੀ ਬੈਂਕ, ਫਤਿਹਗੜ੍ਹ ਚੂੜੀਆਂ ਨੇ ਲਿਖਵਾਇਆ ਹੈ ਕਿ ਉਹ ਅੰਨਾਪੁਰਨਾ ਫਾਈਨਾਂਸ ਕੰਪਨੀ, ਨਿਊ ਬੱਸ ਸਟੈਂਡ ਫਤਿਹਗੜ੍ਹ ਚੂੜੀਆਂ ਨੇੜੇ ਨੌਕਰੀ ਕਰਦੀ ਹੈ। ਬੀਤੇ ਕੱਲ੍ਹ ਆਪਣੀ ਸਕੂਟਰੀ ਦੀ ਮੁਰੰਮਤ ਕਰਵਾਉਣ ਲਈ ਸੰਗਤਪੁਰਾ ਰੋਡ 'ਤੇ ਸਕੂਟਰੀ ਉੱਪਰ ਸਵਾਰ ਹੋ ਕੇ ਜਾ ਰਹੀ ਸੀ ਕਿ ਬਾਅਦ ਦੁਪਹਿਰ ਸਾਢੇ 3 ਵਜੇ ਦੇ ਕਰੀਬ ਜਦੋਂ ਢੀਂਡਸਾ ਹਸਪਤਾਲ ਕੋਲ ਪਹੁੰਚੀ ਤਾਂ ਇਕ ਸੀ.ਟੀ ਹੰਡਰਡ ਮੋਟਰਸਾਈਕਲ 'ਤੇ ਸਵਾਰ ਹੋ ਕੇ ਤਿੰਨ ਨੌਜਵਾਨਾਂ ਨੇ ਉਸ ਨੂੰ ਰੋਕ ਲਿਆ ਅਤੇ ਉਸਦੇ ਹੱਥ ਵਿਚ ਫੜਿਆ

ਮੋਬਾਈਲ ਫੋਨ ਮਾਰਕਾ ਰੈੱਡਮੀ ਨਾੱਟ -7 ਖੋਹ ਲਿਆ ਅਤੇ ਸਕੂਟਰੀ ਵਿਚੋਂ ਪਰਸ ਕੱਢ ਕੇ ਅੰਮ੍ਰਿਤਸਰ ਵੱਲ ਨੂੰ ਫਰਾਰ ਹੋ ਗਏ, ਜਿਸ ਵਿਚ 500 ਰੁਪਏ ਨਕਦੀ, ਆਧਾਰ ਕਾਰਡ ਸੀ। ਉਕਤ ਬਿਆਨਕਰਤਾ ਕੁੜੀ ਮੁਤਾਬਕ ਉ

ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੇ ਪਵਨ ਗੁਪਤਾ ਦੇ ਪਿਤਾ ਹੀਰਾ ਲਾਲ ਗੁਪਤਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ

ਵੱਖ-ਵੱਖ ਸਮਾਜਿਕ ਤੇ ਸਿਆਸੀ ਆਗੂਆਂ ਨੇ ਪਵਨ ਗੁਪਤਾ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ

ਪਟਿਆਲਾ, 27 ਅਗਸਤ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਪਵਨ ਕੁਮਾਰ ਗੁਪਤਾ ਦੇ ਪਿਤਾ ਹੀਰਾ ਲਾਲ ਜੀ ਗੁਪਤਾ, ਜਿਨ੍ਹਾਂ ਦਾ ਕੁਝ ਦਿਨ ਪਹਿਲਾਂ 83 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ, ਦੇ ਅਕਾਲ ਚਲਾਣੇ 'ਤੇ ਸ਼ੋਕ ਪ੍ਰਗਟ ਕਰਨ ਲਈ ਸਾਬਕਾ ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਪਵਨ ਗੁਪਤਾ ਦੇ ਨਿਵਾਸ ਸਥਾਨ 'ਤੇ ਪੁੱਜ ਕੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਅਵਸਰ ਤੇ ਗੁਪਤਾ ਪਰਿਵਾਰ ਵਿੱਚੋਂ ਉਹਨਾਂ ਦੇ ਦੋਨੋਂ ਭਰਾ ਸ੍ਰੀ ਰਾਜੇਸ਼ ਗੁਪਤਾ ਅਤੇ ਸ੍ਰੀ ਵਰਿੰਦਰ ਗੁਪਤਾ ਵੀ ਹਾਜਰ ਸਨ

ਸ਼੍ਰੀ ਮਤੀ ਪ੍ਰਨੀਤ ਕੌਰ ਤੋਂ ਇਲਾਵਾ ਰਾਜਨੀਤੀ ਤੋਂ ਉੱਪਰ ਉੱਠ ਕੇ ਵੱਖ-ਵੱਖ ਨੇਤਾ ਪਵਨ ਗੁਪਤਾ ਦੀ ਰਿਹਾਇਸ਼ 'ਤੇ ਹਰ ਰੋਜ਼ ਪੰਜਾਬ ਅਤੇ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਵੱਡੀ ਗਿਣਤੀ 'ਚ ਉਨ੍ਹਾਂ ਦੇ ਇਸ ਦੁੱਖ ਵਿਚ ਸਾਮਲ ਹੋਣ ਲਈ ਪਹੁੰਚ ਰਹੇ ਹਨ।

ਹਾਲ ਹੀ ਵਿੱਚ ਸੰਘ ਨਾਲ ਸਬੰਧਤ ਪ੍ਰਚਾਰਕ ਡਾ: ਭਾਈ ਪਰਮਜੀਤ ਸਿੰਘ ਜੀ, ਸਰਦਾਰ ਸੁਰਜੀਤ ਸਿੰਘ ਅਬਲੋਵਾਲ ਸੀਨੀਅਰ ਨੇਤਾ ਆਮ ਆਦਮੀ ਪਾਰਟੀ, ਮਹਾਮੰਡਲੇਸ਼ਵਰ ਸਵਾਮੀ ਕ੍ਰਿਸ਼ਨਾਨੰਦ ਜੀ, ਸ਼੍ਰੀ ਹਿੰਦੂ ਤਖਤ, ਸ਼੍ਰੀ ਸਤੀਸ਼ ਕੁਮਾਰ, ਰਾਸ਼ਟਰੀ ਸੰਗਠਨ ਮੰਤਰੀ ਸ਼੍ਰੀ ਹਿੰਦੂ ਤਖਤ, ਐਡਵੋਕੇਟ ਵਿਜੇ ਭਾਰਦਵਾਜ ਸਮੇਤ ਵੱਖ-ਵੱਖ ਹਿੰਦੂ ਧਾਰਮਿਕ ਸਮਾਜਿਕ ਸੰਸਥਾਵਾਂ ਦੇ ਨੁਮਾਇੰਦੇ ਦੁੱਖ ਪ੍ਰਗਟ ਕਰਨ ਲਈ ਪਹੁੰਚੇ। ਭਾਰਦਵਾਜ ਰਾਸ਼ਟਰੀ ਮੀਤ ਪ੍ਰਧਾਨ ਸ਼੍ਰੀ ਹਿੰਦੂ ਤਖਤ, ਅਤੇ ਸ਼੍ਰੀ ਅਮਨ ਰਾਣਾ ਸ਼੍ਰੀ ਹਿੰਦੂ ਤਖਤ ਪੰਜਾਬ, ਸਚਿਨ ਆਜ਼ਾਦ ਰਾਸ਼ਟਰੀ ਪ੍ਰਧਾਨ ਹਿੰਦੂ ਸ਼ਿਵ ਸੈਨਾ, ਸ਼੍ਰੀ ਹਿੰਦੂ ਤਖਤ ਤੋਂ ਸ਼੍ਰੀ ਸ਼ੰਕਰਾਨੰਦ ਗਿਰੀ ਜੀ ਮਹਾਰਾਜ, ਸ਼੍ਰੀ ਰਾਜੇਸ਼ ਕੇਹਰ ਰਾਸ਼ਟਰੀ ਪ੍ਰਧਾਨ ਹਿੰਦੂ ਸੁਰੱਖਿਆ ਸੰਮਤੀ, ਸ਼੍ਰੀ ਅਜੈ ਚੌਹਾਨ ਚੰਡੀਗੜ੍ਹ ਪ੍ਰਦੇਸ਼ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਸ਼੍ਰੀ ਜਗੀਰ ਮੋਰ ਸੂਬਾ ਪ੍ਰਧਾਨ ਹਰਿਆਣਾ, ਸ਼੍ਰੀ ਵਿਜੇ ਸਾਪਲਾ ਸਾਬਕਾ ਕੇਂਦਰੀ ਰਾਜ ਮੰਤਰੀ ਅਤੇ ਸ਼੍ਰੀ ਦਲਜੀਤ ਚੀਮਾ ਮੁੱਖ ਬੁਲਾਰੇ ਸ਼੍ਰੋਮਣੀ ਅਕਾਲੀ ਦਲ, ਸ਼੍ਰੀ ਸੂਰੀ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਟਕਸਾਲੀ, ਸ਼੍ਰੀ ਮਨੋਜ ਨੰਨ੍ਹਾ ਰਾਸ਼ਟਰੀ ਪ੍ਰਧਾਨ ਹਿੰਦੂ ਕ੍ਰਾਂਤੀ ਦਲ, ਸ਼੍ਰੀ ਪ੍ਰੇਮ ਸਿੰਘ ਚੰਦੂ ਮਾਜਰਾ ਸਾਬਕਾ ਮੰਤਰੀ ਪੰਜਾਬ ਸਰਕਾਰ ਨੇ ਵੀ ਫੋਨ ਕਰਕੇ ਦੁੱਖ ਦਾ ਪ੍ਰਗਟਾਵਾ ਕੀਤਾ।

ਸ਼੍ਰੀ ਨਰੇਸ਼ ਗੁਪਤਾ ਨੇ ਪਟਿਆਲਾ ਫੋਕਲ ਪੁਆਇੰਟ ਇੰਡਸਟਰੀ ਐਸੋਸੀਏਸ਼ਨ ਦੀ ਤਰਫੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

ਸ਼੍ਰੀ ਹੇਮਰਾਜ ਗੋਇਲ ਰਾਸ਼ਟਰੀ ਸਲਾਹਕਾਰ ਸ਼ਿਵ ਸੈਨਾ ਹਿੰਦੁਸਤਾਨ, ਸ਼੍ਰੀਮਤੀ ਸਵਰਾਜ ਘੁੰਮਣ ਭਾਟੀਆ ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ, ਸ਼੍ਰੀਮਤੀ ਕਾਂਤਾ ਬਾਂਸਲ ਉਪ ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ, ਸ਼੍ਰੀ ਹਰਪਾਲ ਜੁਨੇਜਾ ਸੀਨੀਅਰ ਆਗੂ ਆਮ ਆਦਮੀ ਪਾਰਟੀ, ਸ਼੍ਰੀ ਰਾਮ ਬੱਚਨ ਮੀਤ ਪ੍ਰਧਾਨ ਪੰਜਾਬ ਅਤੇ ਸ਼੍ਰੀਮਤੀ ਮਨਦੀਪ ਸ਼ਰਮਾ ਪੰਜਾਬ ਪ੍ਰਧਾਨ ਮਹਿਲਾ ਸੈਨਾ। (ਮੋਗਾ ਤੋਂ) ਐਡਵੋਕੇਟ ਪੰਕਜ ਗੌੜ ਪੰਜਾਬ ਪ੍ਰਧਾਨ ਹਿੰਦੁਸਤਾਨ ਐਡਵੋਕੇਟ ਸੈਨਾ, ਐਡਵੋਕੇਟ ਕਮਲ ਨਾਗਪਾਲ ਐਡਵੋਕੇਟ ਸ਼੍ਰੀ ਆਰ ਨਾਗਪਾਲ, ਸ਼੍ਰੀ ਸਾਹਿਲ ਗੋਇਲ ਹਿੰਦੂ ਆਗੂ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਮੁੱਖ ਸੇਵਾਦਾਰ ਸ਼੍ਰੀਮਤੀ ਨੀਲਮ ਸ਼ਰਮਾ ਅਤੇ ਸ਼੍ਰੀ ਚੰਦ ਸ਼ਰਮਾ, ਸ਼੍ਰੀ ਮਤੀ ਸੁਨੀਤਾ ਸ਼ਰਮਾ ਸਮੇਤ ਹੋਰ ਸੇਵਾਦਾਰ ਸ਼੍ਰੀ ਜਗਦੀਸ਼ ਰਾਏਕਾ, ਅਮਰਜੀਤ ਬੰਟੀ ਪ੍ਰਧਾਨ ਯੁਵਾ ਸੈਨਾ, ਸ਼ਮਾ ਕਾਂਤ ਪਾਂਡੇ ਸੀਨੀਅਰ ਮੀਤ ਪ੍ਰਧਾਨ ਪੰਜਾਬ, ਸ਼੍ਰੀ ਹਿਤੇਸ਼ ਰਿੰਕੂ ਪੰਜਾਬ ਪ੍ਰਧਾਨ ਆਈ.ਟੀ. ਸੈਨਾ, ਕ੍ਰਿਸ਼ਨ ਕੁਮਾਰ ਗਾਬਾ ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ, ਸ਼੍ਰੀ ਸ਼ਿਵਰਾਜ ਸ਼ਰਮਾ ਪ੍ਰਧਾਨ ਬ੍ਰਾਹਮਣ ਸਭਾ, ਭਾਜਪਾ ਨੇਤਾ ਸ੍ਰੀ ਹਰਪਾਲਪੁਰਾ, ਪ੍ਰਸਿੱਧ ਸਮਾਜ ਸੇਵੀ ਸ਼੍ਰੀ ਵਿਮਲ ਸ਼ਰਮਾ ਤੋਂ ਇਲਾਵਾ ਹੋਰ ਬਹੁਤ ਸਾਰੇ ਨੁਮਾਇੰਦਿਆਂ ਅਤੇ ਸਮਾਜਿਕ, ਧਾਰਮਿਕ ਸੰਸਥਾਵਾਂ ਅਤੇ ਵਪਾਰਕ ਜਥੇਬੰਦੀਆਂ ਦੇ ਆਗੂਆਂ ਨੇ ਮਿਲ ਕੇ ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਪਵਨ ਗੁਪਤਾ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪਰਿਵਾਰ ਨੂੰ ਹੌਸਲਾ ਦਿੱਤਾ।

ਪਾਵਰਕਾਮ ਪੈਨਸ਼ਨਰਜ਼ ਵਲੋਂ ਕੀਤਾ ਗਿਆ ਅਰਥੀ ਫੂਕ ਮੁਜ਼ਾਹਰਾ / ਫੁੱਕੀ ਗਈ ਲਾਰਿਆਂ ਦੀ ਪੰਡ

ਪਟਿਆਲਾ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਮੁਲਾਜਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਕੀਤੇ ਫੈਸਲੇ ਮੁਤਾਬਿਕ ਪੂਰਬ ਮੰਡਲ, ਸਬ ਅਰਬਨ ਮੰਡਲ, ਪੱਛਮ ਮੰਡਲ ਤੇ ਮਾਡਲ ਟਾਊਨ ਮੰਡਲ ਦੇ ਪੈਨਸ਼ਨਰਜ਼ ਸਾਥੀਆਂ ਨੇ ਰਾਮ ਚੰਦ ਲਹਿਲ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਇਕੱਠ ਕੀਤਾ ਅਤਰ ਸਿੰਘ, ਰਾਮ ਚੰਦ ਧਾਮੋ ਮਾਜਰਾ, ਸੁਰਿੰਦਰ ਸਿੰਘ ਖਾਲਸਾ ਦੇ ਸਹਿਯੋਗ ਨਾਲ ਸੰਤ ਰਾਮ ਚੀਮਾ ਤੇ ਰਾਮ ਚੰਦ ਬਖਸ਼ੀਵਾਲਾ ਦੀ ਰਹਿਨੁਮਾਈ ਵਿੱਚ 66 ਕੇ.ਵੀ. ਸਬ ਸਟੇਸ਼ਲ ਵਿੱਚ ਅਰਥੀ ਫੂੱਕ ਮੁਜਾਹਰਾ ਕੀਤਾ ਗਿਆ। ਇਸ ਵਿੱਚ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਧਨਵੰਤ ਸਿੰਘ ਭੱਠਲ ਵਲੋਂ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ ਗਈ।

ਇਸ ਸਮੇਂ ਜਨਰਲ ਸਕੱਤਰ ਵੱਲੋਂ 3 ਸਤੰਬਰ 2024 ਨੂੰ ਚੰਡੀਗੜ੍ਹ ਵਿਖੇ ਵਿਧਾਨ ਸਭਾ ਸ਼ੈਸ਼ਨ ਦੌਰਾਨ ਰੋਸ ਪ੍ਰਦਰਸ਼ਨ ਕਰਨ ਸਬੰਧੀ ਸਾਂਝੇ ਫਰੰਟ ਵਲੋਂ ਕੀਤੇ ਫੈਸਲੇ ਬਾਰੇ ਜਾਣਕਾਰੀ ਦਿੱਤੀ ਗਈ। ਜਿਸ ਵਿੱਚ ਵੱਡੀ ਗਿਣਤੀ ਸਾਥੀ ਸ਼ਾਮਲ ਹੋਣਗੇ।

ਇਸ ਤੋਂ ਇਲਾਵਾ ਪੈਨਸ਼ਨਰਜ਼ ਐਸੋਸੀਏਸ਼ਨ ਵਲੋਂ 1 ਸਤੰਬਰ 2024 ਤੱਕ ਮੰਡਲ ਪੱਧਰੀ ਰੋਸ ਪ੍ਰਦਰਸ਼ਨ ਤੇ 25 ਸਤੰਬਰ 2024 ਨੂੰ ਪਾਵਰਕਾਮ ਤੇ ਟਰਾਂਸਕੋ ਦੇ ਮੁੱਖ ਦਫਤਰ ਅੱਗੇ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਅੱਜ ਦੇ ਇਸ ਅਰਥੀ ਫੂਕ ਪ੍ਰਦਰਸ਼ਨ ਵਿੱਚ ਕਲਕੱਤਾ ਵਿੱਚ ਟਰੇਨੀ ਡਾਕਟਰ ਨਾਲ ਕੀਤੇ ਵੈਕਸੀਅਨ ਕਲਤ ਦੀ ਨਿਖੇਧੀ ਕਰਦਿਆਂ, ਮਿਸਾਲੀ ਸਜ਼ਾ ਦੇਣ ਦੀ ਮੰਗ ਕੀਤੀ ਗਈ। ਇਸ ਸਮੇਂ ਰਾਮ ਚੰਦ ਅਲੀਪੁਰ, ਲਖਵੀਰ ਸਿੰਘ, ਓਮ ਪ੍ਰਕਾਸ਼, ਬਲਜਿੰਦਰ ਸਿੰਘ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਆਏ ਸਾਥੀਆਂ ਦਾ ਧੰਨਵਾਦ ਸ੍ਰੀ ਨਾਥ ਜੀ ਨੇ ਕੀਤਾ।

ਲੜਕੀਆਂ ਦੀ ਸੁਰੱਖਿਆ ਲਈ ਪੁਲਿਸ ਹਮੇਸ਼ਾਂ ਪੱਬਾਂ ਭਾਰ ਰਹਿੰਦੀ -ਸਰਲਾ ਭਟਨਾਗਰ

ਪਟਿਆਲਾ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਬੱਚਿਆਂ ਲੜਕੀਆਂ ਬਜ਼ੁਰਗਾਂ ਅਤੇ ਜ਼ਖਮੀਆਂ ਦੀ ਸੁਰੱਖਿਆ ਬਚਾਉ ਮਦਦ ਸਨਮਾਨ ਉੱਨਤੀ ਖੁਸ਼ਹਾਲੀ ਲਈ ਪੰਜਾਬ ਪੁਲਿਸ ਹਮੇਸ਼ਾ ਹਰ ਵੇਲੇ ਪੱਬਾਂ ਭਾਰ ਰਹਿੰਦੀ ਹੈ ਪਰ ਮਾਪਿਆਂ ਅਤੇ ਲਾਲਚੀ ਲੋਕਾਂ ਦੇ ਸਹਿਯੋਗ ਦੀ ਕਮੀਂ ਕਰਕੇ, ਰਾਜ ਵਿੱਚ ਹਾਦਸੇ ਅਪਰਾਧ? ਅਤੇ ਗ਼ਲਤ ਗਤੀਵਿਧੀਆਂ ਨਹੀਂ ਰੁਕ ਰਹੀਆਂ, ਇਹ ਵਿਚਾਰ ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਦੇ ਪ੍ਰਿੰਸੀਪਲ ਸ਼੍ਰੀਮਤੀ ਸਰਲਾ ਭਟਨਾਗਰ ਨੇ ਸਕੂਲ ਵਿਖੇ ਪੰਜਾਬ ਪੁਲਿਸ ਵੱਲੋਂ ਕਰਵਾਏ ਜਾਗਰੂਕਤਾ ਪ੍ਰੋਗਰਾਮ ਵਿਖੇ ਪ੍ਰਗਟ ਕੀਤੇ। ਇਸ ਮੌਕੇ ਇੰਸਪੈਕਟਰ ਸਰਬਜੀਤ ਕੌਰ ਇੰਚਾਰਜ ਆਵਾਜਾਈ ਸਿੱਖਿਆ ਸੈਲ ਪਟਿਆਲਾ ਅਤੇ ਸ਼੍ਰੀ ਕਾਕਾ ਰਾਮ ਵਰਮਾ ਚੀਫ਼ ਟ੍ਰੇਨਰ ਫ਼ਸਟ ਏਡ ਸਿਹਤ ਸੇਫਟੀ ਜਾਗਰੂਕਤਾ ਮਿਸ਼ਨ? ਨੇ ਹਾਦਸਿਆਂ ਕਿਡਨੈਪਿੰਗ ਨਸ਼ਿਆਂ ਅਪਰਾਧਾਂ ਨੂੰ ਰੋਕਣ ਲਈ, ਨਿਯਮਾਂ ਕਾਨੂੰਨਾਂ ਅਸੂਲਾਂ ਮਰਿਆਦਾਵਾਂ ਫਰਜ਼ਾਂ ਅਤੇ ਜ਼ੁਮੇਵਾਰੀਆਂ ਨਿਭਾਉਣ ਬਾਰੇ ਜਾਣਕਾਰੀ ਦਿੱਤੀ। ਬੱਚਿਆਂ ਨੂੰ ਮਾੜੇ ਅਨਸਰਾਂ, ਵਰਗਲਾਉਣ ਵਾਲੇ ਦੋਸਤਾਂ ਸਾਥੀਆਂ ਤੋਂ ਸੁਚੈਤ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਦੱਸਿਆ ਕਿ ਨਿਯਮਾਂ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨਾਗਰਿਕਾਂ ਨੌਜਵਾਨਾਂ ਨੂੰ ਕਾਨੂੰਨਾਂ ਅਨੁਸਾਰ ਸਖ਼ਤ ਸਜ਼ਾਵਾਂ ਮਿਲ ਰਹੀਆਂ ਹਨ ਜਦਕਿ ਮਾਪਿਆਂ, ਸਰਕਾਰਾਂ, ਅਧਿਆਪਕਾਂ ਦੀ ਹੁਕਮਾਂ ਦੀ ਪਾਲਣਾ ਕਰਨ ਵਾਲੇ ਹਮੇਸ਼ਾ ਸਿਹਤਮੰਦ ਤਦਰੁੰਸਤ ਖੁਸ਼ਹਾਲ ਸਨਮਾਨਿਤ ਰਹਿੰਦੇ ਹਨ। ਸ੍ਰੀਮਤੀ ਨਰੈਸ ਕੁਮਾਰੀ ਕੋਆਰਡੀਨੇਟਰ ਨੇਂ ਧੰਨਵਾਦ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਲਗਾਤਾਰ ਨਿਯਮਾਂ ਕਾਨੂੰਨਾਂ ਅਸੂਲਾਂ ਮਰਿਆਦਾਵਾਂ ਫਰਜ਼ਾਂ ਦੀ ਪਾਲਣਾ ਕਰਨ ਲਈ ਆਪਣੇ ਬੱਚਿਆਂ ਨੂੰ ਸਮਝਾਉਣ, ਕਦੇ ਕਦੇ ਬੱਚਿਆਂ ਦੀ ਸੀ ਆਈ ਡੀ ਕਰਨੀ ਚਾਹੀਦੀ ਹੈ ਤਾਂ ਜੋ ਬੱਚਿਆਂ ਨੂੰ ਭਟਕਣ ਤੋਂ ਬਚਾਇਆ ਜਾਏ।

ਉਨ੍ਹਾਂ ਨੇ ਕਿਹਾ ਕਿ ਸ਼੍ਰੀ ਕਾਕਾ ਰਾਮ ਵਰਮਾ ਵਲੋਂ ਪਟਿਆਲਾ ਵਿਖੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਜੰਗੀ ਪੱਧਰ ਤੇ ਯਤਨ ਕਰ ਰਹੇ ਹਨ। ਬੱਚਿਆਂ ਨੂੰ ਪ੍ਰਣ ਕਰਵਾਇਆ ਕਿ ਉਹ ਨਿਯਮਾਂ ਕਾਨੂੰਨਾਂ ਅਸੂਲਾਂ ਦੀ ਪਾਲਣਾ ਕਰਦੇ ਰਹਿਣਗੇ।

ਸਾਹਨੇਵਾਲ 'ਚ ਕਿਸਾਨ ਸਿਖਲਾਈ ਕੈਂਪ ਲਗਾਇਆ

ਸਾਹਨੇਵਾਲ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਡਾ. ਪ੍ਰਕਾਸ਼ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾ ਤਹਿਤ ਡਾ. ਦਾਰਾ ਸਿੰਘ ਬਲਾਕ ਖੇਤੀਬਾੜੀ ਅਫਸਰ ਬਲਾਕ ਲੁਧਿਆਣਾ ਦੀ ਅਗਵਾਈ ਹੇਠ ਪਿੰਡ ਸਾਹਨੇਵਾਲ ਵਿਖੇ ਡਾ. ਜਤਿੰਦਰ ਸਿੰਘ ਖੇਤਬਾੜੀ ਵਿਕਾਸ, ਬਲਵਿੰਦਰ ਸਿੰਘ (ਡਾਟਾ ਐਂਟਰੀ ਓਪਰੇਟਰ) 'ਤੇ ਅਕਾਸ਼ਦੀਪ ਸਿੰਘ (ਖੇਤੀਬਾੜੀ ਦਫ਼ਤਰ ਸਰਕਲ ਸਾਹਨੇਵਾਲ) ਵੱਲੋ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਬਾਸਮਤੀ ਫਸਲ ਵਿੱਚ 10 ਕੀਟਨਾਸ਼ਕਾਂ ਦੀ ਵਰਤੋਂ 'ਤੇ ਪੂਰਨ ਪਾਬੰਦੀ ਵਾਰੇ ਸਮੂਹ ਕਿਸਾਨਾਂ ਨੂੰ ਜਾਣੂ ਕਰਵਾਇਆ ਗਿਆ।

ਇਸ ਮੌਕੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ ਅਤੇ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਗਈ। ਇਸ ਮੌਕੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਤਹਿਤ ਲਾਭਪਾਤਰੀਆ ਦੇ ਨਵੇਂ ਫ਼ਾਰਮ ਭਰੇ ਗਏ 'ਤੇ ਕਿਸਾਨਾਂ ਦੀ ਰਹਿੰਦੀ ਈਕੇਵਾਈਸੀ ਕੀਤੀ ਗਈ ਅਤੇ ਕਿਸਾਨਾਂ ਨੂੰ ਵਿਭਾਗ ਦੀਆਂ ਸਕੀਮਾਂ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨਜਿੰਦਰ ਸਿੰਘ ਮਾਂਗਟ, ਆਮ ਆਦਮੀ ਪਾਰਟੀ ਕਿਸਾਨ ਵਿੰਗ ਜ਼ਿਲਾ ਲੁਧਿਆਣਾ ਦੇ ਪ੍ਰਧਾਨ ਲਾਲੀ ਹਰਾ, ਜਗਸੀਰ ਸਿੰਘ ਬੇਲਦਾਰ, ਗੁਰਇੰਦਰਪਾਲ ਢਿੱਲੋਂ, ਸੁਖਦੇਵ ਸਿੰਘ ਨਿਰਪਦੀਪ, ਕਰਮਜੀਤ, ਸੁੱਖਾ ਸੰਧੂ ਤੋਂ ਇਲਾਵਾ ਹੋਰ ਕਈ ਅਗਾਂਹਵਧੂ ਕਿਸਾਨ ਹਾਜ਼ਰ ਸਨ।

ਵਿਧਾਇਕ ਨੇ ਤਰਸ ਦੇ ਆਧਾਰ ਤੇ ਨਿਯੁਕਤ ਕੀਤੇ ਕਰਮਚਾਰੀ ਨੂੰ ਨਿਯੁਕਤੀ ਪੱਤਰ ਸੌਂਪਿਆਂ

ਮਲੇਰਕੋਟਲਾ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਬੇਰੁਜ਼ਗਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਕੀਤਾ ਵਾਅਦਾ ਬਾਖੂਬੀ ਨਾਲ ਲਗਾਤਾਰ ਪੂਰ ਕਰ ਰਹੀ ਹੈ। ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਇਨ੍ਹਾ ਸ਼ਬਦਾ ਦਾ ਪ੍ਰਗਟਾਵਾ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਨੇ ਐਮ.ਐਲ.ਏ ਲਾਂਜ ਵਿਖੇ ਤਰਸ ਦੇ ਆਧਾਰ ਤੇ ਨਗਰ ਕੌਂਸ਼ਲ ਮਾਲੇਰਕੋਟਲਾ ਵਿਖੇ ਨਿਯੁਕਤ ਕੀਤੇ ਕਰਮਚਾਰੀ ਨੂੰ ਨਿਯੁਕਤੀ ਪੱਤਰ ਸੌਪਣ ਮੌਕੇ ਕੀਤਾ। ਉਨ੍ਹਾਂ ਦੱਸਿਆ ਕਿ ਹੁਣ ਤੱਕਸੂਬੇ ਦੇ ਨੌਜਵਾਨਾਂ ਨੂੰ ਉਸਾਰੂ ਦਿਸ਼ਾ ਵਿੱਚ ਲਗਾਉਣ ਲਈ ਪੰਜਾਬ ਸਰਕਾਰ ਵੱਲੋਂ ਕਰੀਬ 46 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ। ਵਿਧਾਇਕ ਨੇ ਦੱਸਿਆਂ ਕਿ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇਸ਼ ਵਿੱਚ ਪਹਿਲੀ ਸਰਕਾਰ ਹੈ ਜਿਸ ਨੇ ਆਪਣੇ ਕਾਰਜਕਾਲ ਦੇ ਪਹਿਲੇ ਸਾਲਾਂ ਵਿੱਚ ਰਿਕਾਰਡ ਤੋੜ ਨੌਕਰੀਆਂ ਦਿੱਤੀਆਂ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਿਚ ਨੌਜਵਾਨਾਂ ਨੂੰ ਬਿਨਾਂ ਕਿਸੇ ਭੇਦਭਾਵ ਅਤੇ ਸਿਫ਼ਾਰਸ਼ ਤੋਂ ਯੋਗਤਾ ਦੇ ਆਧਾਰ 'ਤੇ ਭਰਤੀ ਕੀਤਾ ਜਾ ਰਿਹਾ ਹੈ। ਨੌਜਵਾਨਾਂ ਨੂੰ ਦਿੱਤੀਆਂ ਜਾ ਰਹੀਆਂ ਰਿਕਾਰਡ ਤੋੜ ਨੌਕਰੀਆਂ ਉਨ੍ਹਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਭਾਈਵਾਲ ਬਣਾ ਰਹੀਆਂ ਹਨ।

ਵਿਧਾਨ ਸਭਾ ਹਲਕਾ ਭੋਆ

ਸਿਹਤ ਲਈ ਫ਼ਾਇਦੇਮੰਦ ਹੈ ਜੂਸ

ਚਮੜੀ ਦੀ ਚਮਕ ਬਰਕਰਾਰ ਰੱਖਣਾ ਚਾਹੁੰਦੇ ਹੋ ਤਾਂ ਜੂਸ ਪੀਣਾ ਬੇਹੱਦ ਫ਼ਾਇਦੇਮੰਦ ਹੈ ਪਰ ਇਸ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਤੁਹਾਡੀ ਚਮੜੀ ਲਈ ਕਿਹੜਾ ਜੂਸ ਲਾਹੇਵੰਦ ਰਹੇਗਾ।

ਗਾਜਰ ਦਾ ਜੂਸ

ਗਾਜਰ ਵਿਚ ਵਿਟਾਮਿਨ-ਏ ਜ਼ਿਆਦਾ ਮਾਤਰਾ ਵਿਚ ਹੁੰਦਾ ਹੈ। ਇਹ ਖ਼ੁਸ਼ਕ ਅਤੇ ਝੁਰੜੀਆਂ ਵਾਲੀ ਚਮੜੀ ਲਈ ਫ਼ਾਇਦੇਮੰਦ ਹੁੰਦਾ ਹੈ। ਦਰਅਸਲ ਅਜਿਹੀ ਚਮੜੀ ਨੂੰ ਵਿਟਾਮਿਨ-ਏ ਦੀ ਜ਼ਿਆਦਾ ਜ਼ਰੂਰਤ ਹੁੰਦੀ ਹੈ। ਗਾਜਰ ਦਾ ਜੂਸ ਉਮਰ ਵਧਣ ਨਾਲ ਪੈਦਾ ਹੋਣ ਵਾਲੀ ਪਿਗਮੈਂਟੇਸ਼ਨ ਨੂੰ ਰੋਕਣ ਵਿਚ ਵੀ ਬੇਹੱਦ ਕਾਰਗਰ ਸਾਬਿਤ ਹੁੰਦਾ ਹੈ।

ਟਮਾਟਰ ਦਾ ਜੂਸ

ਆਇਲੀ ਜਾਂ ਤੇਲੀਆ ਚਮੜੀ ਵਾਲਿਆਂ ਲਈ ਟਮਾਟਰ ਦਾ ਜੂਸ ਜ਼ਿਆਦਾ ਲਾਭਦਾਇਕ ਹੁੰਦਾ ਹੈ। ਇਹੀ ਨਹੀ, ਅਲਟਰਾ ਵਾਇਲਟ ਕਿਰਨਾਂ ਤੋਂ ਚਮੜੀ ਨੂੰ ਬਚਾਉਣ ਵਿਚ ਵੀ ਇਹ ਜੂਸ ਮਦਦ ਕਰਦਾ ਹੈ। ਟਮਾਟਰ ਦੇ ਜੂਸ ਵਿਚ ਮੌਜੂਦ ਲਾਈਕੋਪੀਨ ਐਂਟੀਔਕਸੀਡੈਂਟ ਦਾ ਕੰਮ ਕਰਦਾ ਹੈ।

ਲੈਮਨ ਜੂਸ

ਲੈਮਨ ਜਾਂ ਨਿੰਬੂ ਵਿਚ ਲਿਵਰ ਨੂੰ ਡੀਟਾਕਸੀਫਾਈ ਕਰਨ ਦੀ ਸਮਰੱਥਾ ਹੁੰਦੀ ਹੈ, ਜਿਸ ਨਾਲ ਚਿਹਰੇ ਦੀ ਦਿੱਖ ਆਕਰਸ਼ਣ ਬਣਦੀ ਹੈ। ਲੈਮਨ ਜੂਸ ਨੂੰ ਸ਼ਹਿਦ ਵਿਚ ਮਿਲਾ ਕੇ ਚਿਹਰੇ ਉਤੇ ਲਗਾਉਣ ਨਾਲ ਰੰਗ ਸਾਫ਼ ਹੁੰਦਾ ਹੈ।

ਖੀਰਾ ਤੇ ਐਲੋਵਿਰਾ

ਚਿਹਰੇ ਦੇ ਦਾਗ਼-ਧੱਬਿਆਂ ਨੂੰ ਹਟਾਉਣ ਲਈ ਕੁਕੰਬਰ ਜਾਂ ਖੀਰੇ ਦਾ ਜੂਸ ਸਭ ਤੋਂ ਜ਼ਿਆਦਾ ਫ਼ਾਇਦੇਮੰਦ ਹੈ। ਇਹ ਖ਼ੁਸ਼ਕ ਚਮੜੀ ਨੂੰ ਠੰਢਾ ਰੱਖਦਾ ਹੈ। ਇਹ ਜੂਸ ਅੱਖਾਂ ਹੇਠਲੇ ਕਾਲੇ ਘੇਰਿਆਂ ਨੂੰ ਵੀ ਘੱਟ ਕਰਦਾ ਹੈ।

ਆਓ ਬਚਾਈਏ ਫੱਟੜਾਂ ਦੀ ਜਾਨ

ਨਰੇਸ਼ ਪਠਾਣੀਆ
98557-00157

ਹੱਸਦੀ-ਖੇਡਦੀ ਜ਼ਿੰਦਗੀ 'ਚ ਹਾਦਸਾ ਕਦੋਂ ਵਾਪਰ ਜਾਵੇ, ਇਹ ਕਿਹਾ ਨਹੀਂ ਜਾ ਸਕਦਾ। ਸੜਕਾਂ 'ਤੇ ਮੋਟਰ ਗੱਡੀਆਂ ਦੀ ਦਿਨੋ-ਦਿਨ ਵੱਧ ਰਹੀ ਆਵਾਜਾਈ ਤੇ ਤੇਜ਼ ਹੁੰਦੀ ਜਾ ਰਹੀ ਰਫ਼ਤਾਰ ਨੇ ਸਾਡੇ ਜੀਵਨ ਦੀ ਰਫ਼ਤਾਰ ਨੂੰ ਛੋਟਾ ਕਰ ਦਿੱਤਾ ਹੈ। ਇਹ ਸੜਕੀ ਹਾਦਸੇ ਪਲਾਂ ਵਿਚ ਹੀ ਹੰਸਦੀ-ਖੇਡਦੀ ਜ਼ਿੰਦਗੀ ਨੂੰ ਖ਼ਤਮ ਕਰ ਜਾਂਦੇ ਹਨ ਅਤੇ ਇਨ੍ਹਾਂ ਹਾਦਸਿਆਂ 'ਚੋਂ ਜ਼ਿੰਦਾ ਬਚੇ ਫੱਟੜ ਵਿਅਕਤੀ ਉਮਰ ਭਰ ਅਪਾਹਜਤਾ ਭਰੀ ਜ਼ਿੰਦਗੀ ਜਿਊਂਦੇ ਹੋਏ ਪਰਿਵਾਰ ਤੇ ਸਮਾਜ ਉੱਪਰ ਬੋਝ ਬਣ ਜਾਂਦੇ ਹਨ।

ਗੱਡੀ 'ਚ ਜ਼ਰੂਰ ਹੋਵੇ ਫਸਟ-ਏਡ ਬਾਕਸ

ਅੱਜ ਜ਼ਿਆਦਾਤਰ ਲੋਕੀ ਕਾਨੂੰਨੀ ਝੰਜਟਾਂ ਤੋਂ ਡਰਦੇ ਹਮਦਰਦੀ ਹੁੰਦਿਆਂ ਵੀ ਸੜਕਾਂ 'ਤੇ ਪਏ ਜ਼ਖ਼ਮੀਆਂ ਨੂੰ ਹੱਥ ਨਹੀਂ ਪਾਉਂਦੇ ਪਰ ਸੁਪਰੀਮ ਕੋਰਟ ਦੇ ਆਦੇਸ਼ਾਂ ਅਨੁਸਾਰ ਹਾਦਸਿਆਂ ਦੇ ਸ਼ਿਕਾਰ ਹੋਏ ਲੋਕਾਂ ਦੀ ਮਦਦ ਕਰਨ ਵਾਲਿਆਂ ਨੂੰ ਕਾਨੂੰਨੀ ਝੰਜਟ ਵਿਚ ਨਹੀਂ ਪਾਇਆ ਜਾ ਸਕਦਾ ਬਲਕਿ ਕਿਸੇ ਜ਼ਖ਼ਮੀ ਜਾਂ ਫੱਟੜ ਦੀ ਮਦਦ ਕਰਨ ਵਾਲੇ ਨੂੰ ਸਨਮਾਨਿਤ ਕੀਤੇ ਜਾਣ ਵਾਲਾ ਕੰਮ ਕਰਾਰ ਦਿੱਤਾ ਗਿਆ ਹੈ। ਲੋੜ ਹੈ ਕਿ ਇਹ ਗੱਲ ਲੋਕਾਂ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰਨ ਦੀ, ਤਾਂ ਜੋ ਲੋਕ ਦੂਸਰਿਆਂ ਦੀ ਮਦਦ ਲਈ ਸਵੈ-ਇੱਛਾ ਨਾਲ ਅੱਗੇ ਆਉਣ। ਮੋਟਰ ਵਹੀਕਲ ਐਕਟ ਮੁਤਾਬਕ ਵਾਹਨਾਂ ਵਿਚ ਫਸਟ-ਏਡ ਬਕਸੇ ਰੱਖਣੇ ਲਾਜ਼ਮੀ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਬਹੁਤੇ ਵਾਹਨਾਂ ਵਿਚ ਲੋੜ ਪੈਣ 'ਤੇ ਫਸਟ-ਏਡ ਬਕਸੇ ਹੀ ਨਹੀਂ ਮਿਲਦੇ।

ਸਭ ਤੋਂ ਪਹਿਲਾਂ ਸਾਹ ਕਿਰਿਆ ਚੈੱਕ ਕਰੋ

ਸੜਕ ਹਾਦਸਿਆਂ ਦੌਰਾਨ ਜੋ ਵੀ ਨੇੜੇ ਦੇ ਲੋਕ ਹਨ ਜਾਂ ਐਕਸੀਡੈਂਟ ਤੋਂ ਬਚੇ ਹਨ, ਫੱਟੜਾਂ ਦੀ ਜਾਨ ਬਚਾਉਣਾ ਬਹੁਤਾ ਇਨ੍ਹਾਂ 'ਤੇ ਨਿਰਭਰ ਕਰਦਾ ਹੈ। ਸਾਡੀ ਥੋੜ੍ਹੀ ਜਿਹੀ ਸਿਆਣਪ ਫੱਟੜ ਨੂੰ ਨਵੀਂ ਜ਼ਿੰਦਗੀ ਬਖ਼ਸ਼ ਸਕਦੀ ਹੈ। ਐਕਸੀਡੈਂਟ ਜੇ ਸੜਕ ਵਿਚਕਾਰ ਹੋਇਆ ਹੈ ਤਾਂ ਪਹਿਲਾ ਕੰਮ ਫੱਟੜਾਂ/ਸੱਟੜਾਂ ਨੂੰ ਸੁਰੱਖਿਅਤ ਢੰਗ ਨਾਲ ਚੁੱਕ ਕੇ ਇਕ ਪਾਸੇ ਕਰ ਦਿਉ ਤਾਂ ਜੋ ਕਿਸੇ ਤੇਜ਼ ਆ ਰਹੇ ਵਾਹਨ ਨਾਲ ਤੁਹਾਡੀ ਜਾਂ ਮਰੀਜ਼ ਦੀ ਜਾਨ ਨੂੰ ਕੋਈ ਖ਼ਤਰਾ ਨਾ ਹੋਵੇ। ਪੀੜਤ ਵਿਅਕਤੀ ਦੇ ਦਿਲ ਦੀ ਧੜਕਣ ਤੇ ਸਾਹ ਕਿਰਿਆ ਚੈੱਕ ਕਰੋ। ਏਅਰਵੇਜ਼ ਭਾਵ ਸਾਹ ਲੈਣ ਵਾਲੇ ਰਸਤਿਆਂ ਨੱਕ ਤੇ ਮੂੰਹ ਨੂੰ ਚੈੱਕ ਕਰੋ। ਏਅਰਵੇਜ਼ ਵਿਚ ਕਿਸੇ ਕਿਸਮ ਦੀ ਰੁਕਾਵਟ ਹੋਵੇ ਤਾਂ ਦੂਰ ਕਰੋ। ਦਿਲ ਦੀ ਧੜਕਣ ਤੇ ਸਾਹ ਬੰਦ ਹੋਵੇ ਤਾਂ ਬਨਾਉਟੀ ਸਾਹ ਦੇਣ ਦੇ ਢੰਗ ਤਰੀਕੇ ਅਤੇ ਸੀਪੀਆਰ ਤਰੀਕਾ ਫਸਟ-ਏਡ ਟ੍ਰੇਨਿੰਗ ਦੌਰਾਨ ਸਿਖਾਏ ਜਾਂਦੇ ਹਨ। ਫਸਟ-ਏਡ ਦੇ ਇਹ ਟ੍ਰੇਨਿੰਗ ਪ੍ਰੋਗਰਾਮ ਜ਼ਿਲ੍ਹਿਆਂ ਵਿਚ ਕੰਮ ਕਰਦੀਆਂ ਰੈੱਡ ਕਰਾਸ ਸੰਸਥਾਵਾਂ ਦੀ ਸਹਿਯੋਗੀ ਸੰਸਥਾ ਸੇਂਟ ਜਾਹਨ ਐਂਬੂਲੈਂਸ ਵੱਲੋਂ ਚਲਾਏ ਜਾਂਦੇ ਹਨ।

ਫੱਟੜ ਨੂੰ ਧਿਆਨ ਨਾਲ ਚੁੱਕੋ

ਫੱਟੜ ਦੇ ਆਲੇ ਦੁਆਲੇ ਬਹੁਤੀ ਭੀੜ ਇਕੱਠੀ ਨਾ ਹੋਣ ਦਿਉ, ਕਿਉਂਕਿ ਮਰੀਜ਼ ਨੂੰ ਤਾਜ਼ੀ ਹਵਾ ਦੀ ਲੋੜ ਹੁੰਦੀ ਹੈ। ਭੀੜ ਤੋਂ ਵੀ ਕਿਸੇ ਕਿਸਮ ਦੀ ਮਦਦ ਲਈ ਜਾ ਸਕਦੀ ਹੈ। ਫੱਟੜਾਂ ਨੂੰ ਇਕਦਮ ਚੁੱਕਣ ਦੀ ਕਾਹਲ ਨਾ ਕਰੋ। ਕਈ ਵਾਰ ਲੋਕਾਂ ਦੀ ਭਾਵਨਾ ਹੁੰਦੀ ਹੈ ਕਿ ਪੀੜਤ ਨੂੰ ਛੇਤੀ ਹੀ ਖੜ੍ਹਾ ਕੀਤਾ ਜਾਵੇ ਜਾਂ ਬਿਠਾ ਕੇ ਕਿਸੇ ਵਹੀਕਲ ਵਿਚ ਪਾਇਆ ਜਾਵੇ। ਕਾਹਲ ਵਿਚ ਉਸ ਦੀ ਖਿੱਚ ਧੂਹ ਕੀਤੀ ਜਾਂਦੀ ਹੈ ਜਾਂ ਫਿਰ ਚੁੱਕਣ ਆਦਿ ਵੇਲੇ ਸਹੀ ਢੰਗ ਦਾ ਪਤਾ ਨਹੀਂ ਹੁੰਦਾ। ਹਾਦਸੇ ਵੇਲੇ ਪੀੜਤ ਵਿਅਕਤੀ ਦੀ ਰੀੜ੍ਹ ਦੀ ਹੱਡੀ, ਖ਼ਾਸ ਕਰਕੇ ਧੌਣ ਵਿਚ ਸੱਟ ਲੱਗੀ ਹੋਵੇ ਤਾਂ ਫੱਟੜ ਨੂੰ ਬਹੁਤ ਤਰੀਕੇ ਨਾਲ ਸੰਭਾਲ ਕੇ ਚੁੱਕਣਾ ਚਾਹੀਦਾ ਹੈ ਕਿਉਂਕਿ ਰੀੜ੍ਹ ਦੀ ਹੱਡੀ ਵਿਚਕਾਰ ਸਪਾਈਨਲ ਕੌਰਡ ਹੁੰਦੀ ਹੈ ਇਸ ਦੀ ਸੱਟ ਨਾਲ ਵਿਅਕਤੀ ਦਾ ਕੋਈ ਵੀ ਸਰੀਰਕ ਹਿੱਸਾ ਸਦਾ ਲਈ ਅਪਾਹਜ ਹੋ ਸਕਦਾ ਹੈ। ਹੱਡੀਆਂ ਦੇ ਢਾਂਚੇ ਜਾਂ ਲੱਤਾਂ-ਬਾਹਾਂ, ਪੱਸਲੀਆਂ ਆਦਿ ਸੱਟ ਲੱਗ ਕੇ ਟੁੱਟ ਸਕਦੀਆਂ ਹਨ। ਇਸ ਹਾਲਤ ਵਿਚ ਪੀੜਤ ਵਿਅਕਤੀ ਨੂੰ ਚੁੱਕਣ ਤੋਂ ਪਹਿਲਾਂ ਇਹ ਜ਼ਰੂਰ ਵੇਖ ਲਓ ਕਿ ਕੋਈ ਹੱਡੀ ਤਾਂ ਨਹੀਂ ਟੁੱਟੀ। ਅੰਗ ਦੇ ਆਕਾਰ ਦਾ ਟੇਢਾਪਣ, ਦਰਦ, ਸੋਜ਼ ਆਦਿ ਨਾਲ ਹੱਡੀ ਟੁੱਟਣ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅਜਿਹੀਆਂ ਹਾਲਤਾਂ ਵਾਲੇ ਵਿਅਕਤੀਆਂ ਦੀ ਸ਼ਿਫਟਿੰਗ ਆਮ ਤੌਰ 'ਤੇ ਫੰਟੇ ਜਾਂ ਸਟਰੈਚਰ 'ਤੇ ਹੀ ਹੋਣੀ ਚਾਹੀਦੀ ਹੈ। ਫਰੈਕਚਰ ਕੇਸਾਂ ਵਿਚ ਟੁੱਟੀਆਂ ਹੱਡੀਆਂ ਨੂੰ ਸਹਾਰਾ ਦੇਣ ਵਾਸਤੇ ਫੱਟੀਆਂ ਭਾਵ ਸਪਲਿੰਟਸ ਦੀ ਵਰਤੋਂ ਕਰਨੀ ਜ਼ਰੂਰੀ ਹੁੰਦੀ ਹੈ। ਮੌਕੇ 'ਤੇ ਇਹ ਕੰਮ ਕਿਸੇ ਦਰਖ਼ਤ ਦੀ ਟਾਹਣੀ, ਫੱਟੀ, ਸੋਟੀ, ਤਹਿ ਕੀਤੇ ਅਖ਼ਬਾਰ/ਮੈਗਜ਼ੀਨ, ਗੱਤੇ ਆਦਿ ਤੋਂ ਚਲਾਇਆ ਜਾ ਸਕਦਾ ਹੈ। ਫਰੈਕਚਰ ਕੇਸਾਂ ਵਿਚ ਵਿਅਕਤੀ ਨੂੰ ਸਹੀ ਤਰੀਕੇ ਨਾਲ ਚੁੱਕ ਕੇ ਉਸ ਨੂੰ ਸਦਾ ਲਈ ਅਪਾਹਜ ਹੋਣ ਤੋਂ ਬਚਾਇਆ ਜਾ ਸਕਦਾ ਹੈ। ਐਂਬੂਲੈਂਸ ਬੁਲਾਓ ਤੇ ਪੀੜਤ ਨੂੰ ਨਜ਼ਦੀਕੀ ਹਸਪਤਾਲ ਪਹੁੰਚਾਉ। ਹਾਦਸਾ ਪੀੜਤ ਦੇ ਮੋਬਾਇਲ ਫੋਨ ਜਾਂ ਜ਼ੇਬ ਵਿਚਲੇ ਕਾਗਜ਼ਾਂ ਤੋਂ ਉਸ ਦੀ ਪਛਾਣ ਕਰੋ। ਉਸਦੇ ਪਰਿਵਾਰਕ ਮੈਂਬਰਾਂ ਨੂੰ ਵੀ ਸੂਚਿਤ ਕਰੋ।

ਕਿਸੇ ਵੀ ਹਾਦਸੇ ਵੇਲੇ ਹੌਸਲਾ ਕਾਇਮ ਰੱਖੋ ਤੇ ਘਬਰਾਓ ਨਾ। ਸਹਾਇਤਾ ਮਿਲਣ ਤਕ ਰੋਗੀ ਜਾਂ ਉਸ ਦੇ ਰਿਸ਼ਤੇਦਾਰਾਂ ਨੂੰ ਵੀ ਮਾਨਸਿਕ ਹੌਸਲਾ ਤੇ ਤਸੱਲੀ ਦੇਣ ਦੀ ਕੋਸ਼ਿਸ਼ ਕਰੋ। ਇਸ ਨਾਲ ਫ਼ਿਕਰ ਤੇ ਬੇਚੈਨੀ ਘਟਦੀ ਹੈ। ਭੁੱਲ-ਭੁਲੇਖੇ ਵੀ ਕਦੀ ਕਿਸੇ ਜ਼ਖ਼ਮੀ, ਦੌਰੇ ਵਾਲੇ ਵਿਅਕਤੀ ਤੇ ਬੇਹੋਸ਼ੀ ਦੀ ਹਾਲਤ ਵਾਲੇ ਦੇ ਮੂੰਹ ਵਿਚ ਪਾਣੀ ਨਾ ਪਾਉ। ਇਹ ਪਾਣੀ ਫ਼ੇਫੜਿਆਂ ਵਿਚ ਜਾ ਕੇ ਸਾਹ ਦੀ ਰੁਕਾਵਟ ਪੈਦਾ ਕਰ ਸਕਦਾ ਹੈ। ਛੇਤੀ ਤੋਂ ਛੇਤੀ ਫੱਟੜਾਂ ਨੂੰ ਹਸਪਤਾਲ ਪਹੁੰਚਾਉਣ ਦੇ ਪ੍ਰਬੰਧ ਕਰੋ ਅਤੇ ਜ਼ਿਲ੍ਹੇ ਦੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਸੂਚਿਤ ਕਰੋ ਤਾਂ ਜੋ ਪੁਲਿਸ ਤੇ ਡਾਕਟਰੀ ਮਦਦ ਹਾਦਸੇ ਵਾਲੀ ਥਾਂ ਪਹੁੰਚ ਸਕੇ।

8 ਸਤੰਬਰ 'ਵਰਲਡ ਫਸਟ-ਏਡ ਡੇਅ' ਤੇ

ਹਰ ਸਾਲ ਇਕ ਲੱਖ ਮੌਤਾਂ

ਰੋਡ ਸੇਫਟੀ ਫੈਕਟਸ਼ੀਟ ਅਨੁਸਾਰ ਭਾਰਤ ਵਿਚ ਸੜਕ ਹਾਦਸਿਆਂ ਕਾਰਨ ਹਰ ਚਾਰ ਮਿੰਟਾਂ ਮਗਰੋਂ ਇਕ ਵਿਅਕਤੀ ਦੀ ਜਾਨ ਜਾ ਰਹੀ ਹੈ। ਅੰਕੜੇ ਦੱਸਦੇ ਹਨ ਕਿ ਭਾਰਤ ਵਿਚ ਵੀ ਹਰ ਸਾਲ ਸੜਕ ਹਾਦਸਿਆਂ ਵਿਚ ਇਕ ਲੱਖ ਤੋਂ ਵੱਧ ਮੌਤਾਂ ਹੋ ਜਾਂਦੀਆਂ ਹਨ। ਇਨ੍ਹਾਂ ਹਾਦਸਿਆਂ ਦਾ ਇਕ ਦੁੱਖਦਾਈ ਪਹਿਲੂ ਇਹ ਵੀ ਹੈ ਕਿ ਇਨ੍ਹਾਂ ਹਾਦਸਿਆਂ ਦੇ ਸ਼ਿਕਾਰ ਵਿਅਕਤੀਆਂ ਵਿੱਚੋਂ 50 ਫ਼ੀਸਦੀ ਮੌਤਾਂ ਸਮੇਂ ਸਿਰ ਮੁਢਲੀ ਸਹਾਇਤਾ ਜਾਂ ਡਾਕਟਰੀ ਸਹਾਇਤਾ ਨਾ ਮਿਲਣ ਕਰਕੇ ਹੁੰਦੀਆਂ ਹਨ। ਹਾਦਸਿਆਂ ਦੇ ਸ਼ਿਕਾਰ ਹੋਏ ਫੱਟੜਾਂ ਨੂੰ ਜੇ ਸਮੇਂ ਸਿਰ ਮੁਢਲੀ ਸਹਾਇਤਾ ਮਿਲ ਸਕੇ ਤਾਂ ਜਿੱਥੇ ਉਨ੍ਹਾਂ ਦੇ ਦੁੱਖ-ਦਰਦ ਨੂੰ ਘੱਟ ਕੀਤਾ ਜਾ ਸਕਦਾ ਹੈ, ਉੱਥੇ ਕਿਸੇ ਵਡਮੁੱਲੀ ਜਾਨ ਨੂੰ ਵੀ ਬਚਾਇਆ ਜਾ ਸਕਦਾ ਹੈ।

ਵਗਦੇ ਖ਼ੂਨ ਨੂੰ ਤੁਰੰਤ ਰੋਕਣਾ ਜ਼ਰੂਰੀ

ਵੇਖੋ ਕਿ ਪੀੜਤ ਵਿਅਕਤੀ ਹੋਸ਼ ਵਿਚ ਹੈ ਜਾਂ ਨਹੀਂ ਅਤੇ ਕਿਤੋਂ ਖ਼ੂਨ ਤਾਂ ਨਹੀਂ ਵਗ ਰਿਹਾ। ਹਾਦਸੇ ਮਗਰੋਂ ਮੌਤ ਦਾ ਵੱਡਾ ਕਾਰਨ ਸਰੀਰ ਵਿੱਚੋਂ ਬਹੁਤ ਜ਼ਿਆਦਾ ਮਾਤਰਾ ਵਿਚ ਖ਼ੂਨ ਵਹਿ ਜਾਣਾ ਵੀ ਹੁੰਦਾ ਹੈ। ਸੱਟਾਂ ਵਿੱਚੋਂ ਖ਼ੂਨ ਵਗ ਰਿਹਾ ਹੋਵੇ ਤਾਂ ਅੰਗ ਨੂੰ ਥੋੜ੍ਹਾ ਉੱਚਾ ਕਰ ਕੇ ਰੱਖੋ ਅਤੇ ਵਗਦੇ ਖ਼ੂਨ ਨੂੰ ਰੋਕਣ ਦੇ ਉਪਰਾਲੇ ਕਰੋ। ਖ਼ੂਨ ਵਗਣ ਵਾਲੀ ਜਗ੍ਹਾ 'ਤੇ ਸਾਫ਼ ਰੁਮਾਲ/ਕੱਪੜੇ ਜਾਂ ਪੱਟੀਆਂ ਆਦਿ ਨਾਲ ਦਬਾਅ ਬਣਾ ਕੇ ਰੱਖੋ। ਕਈ ਵਾਰ ਬਾਹਰੋਂ ਖ਼ੂਨ ਨਹੀਂ ਵਗ ਰਿਹਾ ਹੁੰਦਾ ਪਰ ਅੰਦਰੂਨੀ ਸੱਟਾਂ ਕਾਰਨ ਸਰੀਰ ਦੇ ਅੰਦਰ ਖ਼ੂਨ ਵਗ ਸਕਦਾ ਹੈ ਅਤੇ ਕੁੱਝ ਸਮੇਂ ਬਾਅਦ ਵਿਅਕਤੀ ਦੀ ਜਾਨ ਜਾ ਸਕਦੀ ਹੈ। ਅਜਿਹੀ ਹਾਲਤ ਵਿਚ ਜਾਂ ਬੇਹੋਸ਼ ਵਿਅਕਤੀ ਨੂੰ ਲੈ ਕੇ ਜਾਣ ਵੇਲੇ ਟੇਢਾ ਕਰ ਕੇ ਭਾਵ ਵੱਖੀ ਪਰਨੇ, ਜਿਸ ਨੂੰ 'ਰਿਕਵਰੀ ਪੁਜ਼ੀਸ਼ਨ' ਆਖਦੇ ਹਨ, ਵਾਲੀ ਹਾਲਤ 'ਚ ਪਾ ਕੇ ਹਸਪਤਾਲ ਲਿਜਾਇਆ ਜਾਵੇ ਤਾਂ ਜੋ ਅੰਦਰੋਂ ਨਿਕਲਣ ਵਾਲਾ ਖ਼ੂਨ ਜਾਂ ਉਲਟੀ ਫ਼ੇਫੜਿਆਂ ਵਿਚ ਨਾ ਚਲੀ ਜਾਵੇ ਜੋ ਜਾਨਲੇਵਾ ਹੋ ਸਕਦੀ ਹੈ।

ਜ਼ਿੰਦਗੀ ਬਚਾਅ ਸਕਦੀ ਹੈ ਸਹੀ ਜਾਣਕਾਰੀ

ਸਰਕਾਰਾਂ ਜਿੱਥੇ ਸੜਕੀ ਹਾਦਸਿਆਂ ਨੂੰ ਘੱਟ ਕਰਨ ਲਈ ਸੁਰੱਖਿਆ ਨੀਤੀਆਂ ਅਮਲ 'ਚ ਲਿਆਉਂਦੀਆਂ ਹਨ ਉੱਥੇ ਫਸਟ-ਏਡ ਤੇ ਸੜਕ ਸੁਰੱਖਿਆ ਦੇ ਗਿਆਨ ਨੂੰ ਵੀ ਹਰੇਕ ਲਈ ਲਾਜ਼ਮੀ ਕਰਾਰ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਗਿਆਨ ਦੇ ਜ਼ਰੀਏ ਕੀਮਤੀ ਤੇ ਵਡਮੁੱਲੀਆਂ ਜਾਨਾਂ ਬਚਾ ਸਕਣ। ਆਓ, ਵਿਸ਼ਵ ਫਸਟ-ਏਡ ਦਿਵਸ ਮੌਕੇ ਇਹ ਪ੍ਰਣ ਲਈਏ ਕਿ ਅਸੀਂ ਫਸਟ-ਏਡ ਦੀ ਮਹੱਤਤਾ ਨੂੰ ਸਮਝੀਏ ਤੇ ਇਸ ਗਿਆਨ ਰਾਹੀਂ ਆਪਣੇ ਆਪ ਨੂੰ ਤਿਆਰ ਕਰ ਕੇ ਮਨੁੱਖਤਾ ਦੀ ਭਲਾਈ ਲਈ ਅੱਗੇ ਆਈਏ ਤਾਂ ਜੋ ਸਾਡੀ ਸਮੇਂ ਸਿਰ ਕੀਤੀ ਸਹੀ ਮਦਦ ਨਾਲ ਕਿਸੇ ਦੀ ਬੁਝ ਰਹੀ ਜੀਵਨ ਜੋਤ ਨੂੰ ਰੁਸ਼ਨਾਇਆ ਜਾ ਸਕੇ।

ਡਾ. ਹਰਿੰਦਰਪਾਲ ਸਿੰਘ

ਫਰੱਕਟੋਜ਼ ਦਿਮਾਗ਼ ਲਈ ਖ਼ਤਰੇ ਦੀ ਘੰਟੀ

ਦਵਾਈਆਂ ਬਣਾਉਣ ਵਾਲੀਆਂ ਪ੍ਰਮੁੱਖ ਕੰਪਨੀਆਂ ਇਸ ਵਿਚਾਰ ਨਾਲ ਸਹਿਮਤ ਹੁੰਦੀਆਂ ਜਾਪ ਰਹੀਆਂ ਹਨ ਕਿ ਹਾਈ ਫਰੱਕਟੋਜ਼ ਵਾਲੇ ਭੋਜਨ ਦਾ ਇਸਤੇਮਾਲ ਸਰੀਰ ਨੂੰ ਪੀੜਤ ਕਰਨ ਦੇ ਬਰਾਬਰ ਹੈ। ਅਮਰੀਕਨ ਮੈਡੀਕਲ ਐਸੋਸੀਏਸ਼ਨ ਦੇ ਰਸਾਲੇ ਵਿਚ ਛਪੀ ਇਕ ਰਿਪੋਰਟ ਮੁਤਾਬਕ ਹਾਈ ਫਰੱਕਟੋਜ਼ ਯੁਕਤ ਭੋਜਨ ਤੁਹਾਨੂੰ ਹੋਰ ਜ਼ਿਆਦਾ ਖਾਣ ਲਈ ਉਕਸਾਉਂਦਾ ਹੈ ਪਰ ਸਾਨੂੰ ਇਸ ਬਾਰੇ ਪਤਾ ਨਹੀਂ ਲੱਗਦਾ। ਭਾਰਤ ਨੂੰ ਜੇ ਸ਼ੂਗਰ ਦੀ ਰਾਜਧਾਨੀ ਕਿਹਾ ਜਾਂਦਾ ਹੈ ਤਾਂ ਅਮਰੀਕਾ ਨੂੰ ਮੋਟਾਪੇ ਦਾ ਘਰ। ਇਸ ਦਾ ਮੁੱਖ ਕਾਰਨ ਗ਼ਲਤ ਜੀਵਨਸ਼ੈਲੀ ਅਤੇ ਗ਼ਲਤ ਤਰੀਕੇ ਦਾ ਖਾਣ-ਪੀਣ ਹੈ।

ਕੀ ਹੈ ਫਰੱਕਟੋਜ਼?

ਫਰੱਕਟੋਜ਼ ਇਕ ਤਰ੍ਹਾਂ ਦੀ ਸ਼ੂਗਰ ਹੀ ਹੈ ਜੋ ਆਮ ਵਰਤੋਂ ਵਿਚ ਆਉਣ ਵਾਲੀ ਚੀਨੀ ਨਾਲੋਂ ਬਹੁਤ ਸਸਤੀ ਪੈਂਦੀ ਹੈ। ਇਸ ਨੂੰ ਮੁੱਖ ਤੌਰ 'ਤੇ ਮੱਕੀ ਤੋਂ ਤਿਆਰ ਕੀਤਾ ਜਾਂਦਾ ਹੈ। ਮੱਕੀ ਕਾਫ਼ੀ ਸਸਤੀ ਪੈਂਦੀ ਹੈ। ਮੱਕੀ ਤੋਂ ਤਿਆਰ ਕੀਤੇ ਗਏ ਸ਼ੂਗਰ ਨੂੰ 'ਹਾਈ ਫਰੱਕਟੋਜ਼' ਜਾਂ 'ਕੌਰਨ ਸੀਰਪ' ਕਿਹਾ ਜਾਂਦਾ ਹੈ। ਅਮਰੀਕਾ ਤੇ ਯੂਰਪੀ ਦੇਸ਼ਾਂ ਵਿਚ ਭੋਜਨ ਪਦਾਰਥਾਂ ਵਿਚ ਵੱਡੇ ਪੱਧਰ 'ਤੇ ਇਸ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਦਾ ਇਸਤੇਮਾਲ ਖਾਣ ਵਾਲੀਆਂ ਵਸਤਾਂ, ਜਿਵੇਂ ਕੈਂਡੀ, ਚਾਕਲੇਟ, ਦਵਾਈਆਂ, ਐਨਰਜੀ ਡਰਿੰਕ, ਡੱਬਾਬੰਦ ਭੋਜਨ, ਬੇਕਰੀ, ਕੇਕ, ਪੇਸਟਰੀ, ਮੀਟ, ਸੌਸ, ਜੈਮ, ਜੈਲੀ, ਜੂਸ ਆਦਿ ਵਿਚ ਕੀਤਾ ਜਾਂਦਾ ਹੈ। ਸਿਰਫ਼ ਸ਼ੂਗਰ ਦਾ ਖ਼ਰਚ ਘੱਟ ਕਰਨ ਲਈ ਹੀ ਇਸ ਨੂੰ ਉਸ ਦੇ ਬਦਲ ਵਜੋਂ ਵਰਤਿਆ ਜਾਂਦਾ ਹੈ ਪਰ ਆਧੁਨਿਕ ਖੋਜਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਇਹ ਨਾਰਮਲ ਸ਼ੂਗਰ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਤੇ ਮਾਰੂ ਹੈ।

ਭੁੱਖ ਨੂੰ ਉਕਸਾਉਂਦਾ ਹੈ ਫਰੱਕਟੋਜ਼

ਸੰਪਾਦਕੀ

ਹੇਮਾ ਕਮੇਟੀ ਦੀ ਰਿਪੋਰਟ

ਹੇਮਾ ਕਮੇਟੀ ਦੀ ਰਿਪੋਰਟ ਪੂਰੇ ਨਾ ਕੀਤੇ ਗਏ ਵਾਅਦਿਆਂ ਅਤੇ ਗੁਆਏ ਮੌਕਿਆਂ ਦੀ ਕਹਾਣੀ ਬਣ ਕੇ ਰਹਿ ਗਈ ਹੈ। ਹਾਲਾਂਕਿ ਇਸ ਦੀ ਸ਼ੁਰੂਆਤ ਮਲਿਆਲਮ ਫਿਲਮ ਸਨਅਤ ਵਿੱਚ ਇਨਸਾਫ਼ ਅਤੇ ਸੁਧਾਰ ਲਿਆਉਣ ਦੀ ਆਸ ਨਾਲ ਹੋਈ ਸੀ ਪਰ ਮੰਦੇ ਭਾਗੀਂ ਇਸ 'ਤੇ ਕੋਈ ਕਾਰਵਾਈ ਹੀ ਨਾ ਕੀਤੀ ਗਈ। ਕੇਰਲਾ ਸਰਕਾਰ ਨੇ ਜਸਟਿਸ ਹੇਮਾ ਕਮੇਟੀ ਕਾਇਮ ਕੀਤੀ ਸੀ ਤਾਂ ਕਿ ਉੱਥੋਂ ਦੀ ਫਿਲਮ ਸਨਅਤ 'ਮੌਲੀਵੁੱਡ' ਵਿੱਚ ਔਰਤਾਂ ਨਾਲ ਹੁੰਦੀਆਂ ਵਧੀਕੀਆਂ ਦੇ ਅਮਲ ਦੀ ਪੜਤਾਲ ਕੀਤੀ ਜਾ ਸਕੇ। ਇਸ ਰਿਪੋਰਟ ਤੋਂ ਪਤਾ ਚੱਲਿਆ ਸੀ ਕਿ ਫਿਲਮ ਸਨਅਤ ਵਿੱਚ ਔਰਤਾਂ ਨੂੰ ਵੱਡੇ ਪੱਧਰ 'ਤੇ ਜਿਨਸੀ ਸ਼ੋਸ਼ਣ ਅਤੇ ਵਿਤਕਰੇ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਇਹ ਰਿਪੋਰਟ 2019 ਵਿੱਚ ਸਰਕਾਰ ਨੂੰ ਸੌਂਪ ਦਿੱਤੀ ਗਈ ਸੀ। ਹਾਲਾਂਕਿ ਰਿਪੋਰਟ ਇਸ ਹਫ਼ਤੇ ਜਨਤਕ ਕੀਤੀ ਗਈ ਹੈ ਜਿਸ ਦੇ ਕਈ ਹਿੱਸੇ ਸੰਪਾਦਿਤ ਕੀਤੇ ਗਏ ਹਨ ਜਿਸ ਕਰ ਕੇ ਕਾਫ਼ੀ ਹੰਗਾਮਾ ਹੋਇਆ ਹੈ ਅਤੇ ਇਹ ਸੁਆਲ ਉਠਾਏ ਜਾ ਰਹੇ ਹਨ ਕਿ ਆਖ਼ਰ ਕਿਹੜੀ ਗੱਲ ਨੂੰ ਲੁਕਾਇਆ ਜਾ ਰਿਹਾ ਹੈ।

ਅਜਿਹੀਆਂ ਲੱਭਤਾਂ ਦੇ ਬਾਵਜੂਦ ਕੋਈ ਦਰੁਸਤੀ ਕਦਮ ਨਹੀਂ ਉਠਾਏ ਗਏ ਅਤੇ ਨਕੌਰਸ਼ਾਹੀ ਰਿਪੋਰਟ ਨੂੰ ਦੱਬ ਕੇ ਬੈਠੀ ਰਹੀ ਹੈ। ਅੱਗੋਂ ਕੋਈ ਕਾਰਵਾਈ ਨਾ ਹੋਣ ਕਰ ਕੇ ਉਨ੍ਹਾਂ ਔਰਤਾਂ ਦੇ ਭਰੋਸੇ ਨੂੰ ਸੱਟ ਵੱਜੀ ਹੈ ਜਿਨ੍ਹਾਂ ਆਪਣੇ ਅਨੁਭਵ ਕਮੇਟੀ ਨਾਲ ਸਾਂਝੇ ਕੀਤੇ ਸਨ। ਰਾਜ ਸਰਕਾਰ ਅਤੇ ਫਿਲਮ ਸਨਅਤ ਨੂੰ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ। ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਲਾਗੂ ਕੀਤੇ ਬਿਨਾਂ ਲੰਘਿਆ ਹਰ ਇੱਕ ਦਿਨ, ਇਸ ਫਿਲਮ ਸਨਅਤ ਨਾਲ ਜੁੜੀਆਂ ਔਰਤਾਂ ਨੂੰ ਇੱਕ ਹੋਰ ਦਿਨ ਲਈ ਖ਼ਤਰੇ 'ਚ ਪਾਉਣ ਦੇ ਬਰਾਬਰ ਸੀ।

ਸਥਿਤੀ ਦੀ ਗੰਭੀਰਤਾ ਦਾ ਨੋਟਿਸ ਲੈਂਦਿਆਂ ਕੇਰਲਾ ਹਾਈ ਕੋਰਟ ਤੇ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਦਖ਼ਲ ਦਿੱਤਾ ਹੈ। ਸਰਕਾਰ ਨੂੰ ਰਿਪੋਰਟ ਦੀਆਂ ਲੱਭਤਾਂ 'ਤੇ ਫੌਰੀ ਕਦਮ ਚੁੱਕਣ ਲਈ ਕਿਹਾ ਗਿਆ ਹੈ। ਹਾਈ ਕੋਰਟ ਨੇ ਇੱਕ ਲੋਕ ਹਿੱਤ ਪਟੀਸ਼ਨ ਵੀ ਸਵੀਕਾਰ ਕੀਤੀ ਹੈ ਜਿਸ ਵਿੱਚ ਫਿਲਮ ਉਦਯੋਗ 'ਚ 'ਕਾਸਟਿੰਗ ਕਾਊਚ' ਸਣੇ ਜਿਨਸੀ ਸ਼ੋਸ਼ਣ ਲਈ ਅਪਰਾਧਕ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਲਿੰਗਕ ਨਿਆਂ ਦੇ ਸੰਦਰਭ 'ਚ ਮਨੁੱਖੀ ਅਧਿਕਾਰ ਕਮੇਟੀ ਨੇ ਸੰਸਥਾਤਮਕ ਨਾਕਾਮੀਆਂ ਨੂੰ ਉਭਾਰਿਆ ਹੈ ਜੋ ਇਸ ਉਦਯੋਗ ਨੂੰ ਮੈਲਾ ਕਰ ਰਹੀਆਂ ਹਨ। ਇਹ ਰਿਪੋਰਟ ਬਦਲਾਅ ਦਾ ਕਾਰਨ ਬਣਨੀ ਚਾਹੀਦੀ ਹੈ। ਇਹ ਉਨ੍ਹਾਂ ਵਿਆਪਕ ਅੜਿੱਕਿਆਂ ਦਾ ਚੇਤਾ ਕਰਾਉਂਦੀ ਹੈ ਜੋ ਕੰਮਕਾਜੀ ਥਾਵਾਂ 'ਤੇ ਜਿਨਸੀ ਛੇੜਛਾੜ ਤੇ ਸ਼ੋਸ਼ਣ ਖ਼ਿਲਾਫ਼ ਲੜੀ ਜਾ ਰਹੀ ਲੜਾਈ ਦੇ ਰਾਹ ਵਿੱਚ ਨਿਰੰਤਰ ਵਿਘਨ ਪਾ ਰਹੇ ਹਨ। ਹੁਣ ਇਸ ਰਿਪੋਰਟ ਦੀਆਂ ਸਿਫ਼ਾਰਿਸ਼ਾਂ 'ਤੇ ਕਾਰਵਾਈ ਦਾ ਵੇਲਾ ਹੈ, ਇਸ ਤੋਂ ਪਹਿਲਾਂ ਕਿ ਹੋਰ ਨੁਕਸਾਨ ਹੋਵੇ।

ਡੈਮੋਕਰੈਟ ਉਮੀਦਵਾਰ ਕਮਲਾ ਹੈਰਿਸ

ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਵੱਲੋਂ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰੀ ਸਵੀਕਾਰਨ ਦੇ ਨਾਲ ਹੀ 5 ਨਵੰਬਰ ਦੀਆਂ ਰਾਸ਼ਟਰਪਤੀ ਚੋਣਾਂ ਲਈ ਮੁਕਾਬਲੇ ਦੀਆਂ ਰੇਖਾਵਾਂ ਸਪੱਸ਼ਟ ਤੌਰ 'ਤੇ ਖਿੱਚੀਆਂ ਗਈਆਂ ਹਨ। ਕਮਲਾ ਦਾ ਵਿਰੋਧੀ ਰਿਪਬਲਿਕਨ ਪਾਰਟੀ ਦਾ ਉਮੀਦਵਾਰ ਡੋਨਲਡ ਟਰੰਪ ਪਿਛਲੇ ਮਹੀਨੇ ਤੱਕ ਬਿਨਾਂ ਕਿਸੇ ਰੋਕ ਤੋਂ ਅੱਗੇ ਵਧ ਰਿਹਾ ਸੀ। ਜਾਨਲੇਵਾ ਹਮਲੇ 'ਚ ਵਾਲ-ਵਾਲ ਬਚਣ ਤੋਂ ਬਾਅਦ ਸਾਬਕਾ ਰਾਸ਼ਟਰਪਤੀ ਨੇ ਨਿਡਰਤਾ ਨਾਲ ਆਪਣੀ ਮੁੱਠੀ ਨੂੰ ਹਵਾ 'ਚ ਲਹਿਰਾਇਆ ਸੀ ਤੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦੀ ਪ੍ਰਚਾਰ ਮੁਹਿੰਮ ਮਾੜੀ ਤੋਂ ਹੋਰ ਬਦਤਰ ਹੋਣ ਉੱਤੇ ਉਹ ਖ਼ੁਸ਼ ਹੋ ਰਿਹਾ ਸੀ। ਹਾਲਾਂਕਿ ਪਿਛਲੇ ਕੁਝ ਹਫ਼ਤਿਆਂ 'ਚ ਚੀਜ਼ਾਂ ਨਾਟਕੀ ਢੰਗ ਨਾਲ ਬਦਲੀਆਂ ਹਨ। ਆਪਣੀ ਪਾਰਟੀ ਵੱਲੋਂ ਬਣੇ ਜ਼ੋਰਦਾਰ ਦਬਾਅ ਅੱਗੇ ਝੁਕਦਿਆਂ ਬਾਇਡਨ ਨੇ ਦੁਬਾਰਾ ਚੋਣ ਨਾ ਲੜਨ ਦਾ ਫ਼ੈਸਲਾ ਕੀਤਾ ਤੇ ਭਾਰਤੀ ਅਤੇ ਜਮਾਇਕਨ ਆਵਾਸੀ ਮਾਪਿਆਂ ਦੀ ਧੀ ਕਮਲਾ ਹੈਰਿਸ ਲਈ ਰਾਹ ਪੱਧਰਾ ਕਰ ਦਿੱਤਾ। ਡੈਮੋਕਰੈਟ ਹੁਣ ਅਸਲੋਂ ਪਟੜੀ 'ਤੇ ਆ ਗਏ ਹਨ ਅਤੇ ਡੋਨਲਡ ਟਰੰਪ ਕੋਲ ਬੇਚੈਨ ਹੋਣ ਦੇ ਕਈ ਕਾਰਨ ਹਨ।

ਉਮੀਦਵਾਰੀ ਸਵੀਕਾਰਨ ਮੌਕੇ ਦਿੱਤੇ ਭਾਸ਼ਣ 'ਚ ਕਮਲਾ ਨੇ ਕਈ ਪੱਖਾਂ ਨੂੰ ਸਹੀ ਢੰਗ ਨਾਲ ਛੂਹਿਆ ਹੈ। ਉਮੀਦ ਮੁਤਾਬਿਕ ਉਸ ਨੇ ਅਮਰੀਕੀਆਂ ਨੂੰ ਚਿਤਾਵਨੀ ਦਿੱਤੀ ਕਿ ਇੱਕ 'ਹੋਛੇ ਆਦਮੀ' ਨੂੰ ਦੁਬਾਰਾ ਵਾਈਟ ਹਾਊਸ 'ਚ ਬਿਠਾਉਣ ਦੇ 'ਬੇਹੱਦ ਗੰਭੀਰ' ਨਤੀਜੇ ਨਿਕਲ ਸਕਦੇ ਹਨ। ਆਪਣੇ ਜਾਣੇ-ਪਛਾਣੇ ਗੱਲ ਨੂੰ ਵਧਾ-ਚੜ੍ਹਾ ਕੇ ਕਹਿਣ ਵਾਲੇ ਅੰਦਾਜ਼ ਵਿੱਚ ਟਰੰਪ ਨੇ ਪੁੱਛਿਆ ਕਿ ਕੀ ਉਹ ਉਸ ਬਾਰੇ ਗੱਲ ਕਰ ਰਹੀ ਸੀ। ਪਰ ਧੁਰ ਅੰਦਰੋਂ ਟਰੰਪ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਹ (ਕਮਲਾ) ਉਸ ਦੇ ਕਥਿਤ ਅਪਰਾਧਾਂ ਤੇ ਕੁਕਰਮਾਂ ਨੂੰ ਭੰਡਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦੇਵੇਗੀ। ਓਵਲ ਆਫਿਸ 'ਚ ਬਿਤਾਏ ਉਸ ਦੇ ਸਾਲਾਂ ਦੌਰਾਨ ਹੋਈ ਹਨੇਰਗਰਦੀ ਤੇ 2020 ਦੀਆਂ ਚੋਣਾਂ 'ਚ ਹਾਰ ਦੀ ਨਿਰਾਸ਼ਾ ਵਿੱਚ ਕੈਪੀਟਲ ਉੱਤੇ ਕੀਤੇ ਹਮਲੇ ਦੀਆਂ ਯਾਦਾਂ ਅਜੇ ਵੀ ਅਮਰੀਕੀਆਂ ਦੇ ਮਨਾਂ 'ਚ ਤਾਜ਼ਾ ਹਨ। ਕਮਲਾ ਦੀ ਵਧ ਰਹੀ ਪ੍ਰਸਿੱਧੀ ਦੀ ਟਾਕਰਾ ਕਰਨ ਲਈ ਟਰੰਪ ਨੂੰ ਹੁਣ ਕੋਈ ਨਵਾਂ ਚੁਸਤ ਹੱਲ ਤਲਾਸ਼ਣਾ ਪਏਗਾ। ਇੱਕ ਨਵੇਂ ਚੋਣ ਸਰਵੇਖਣ ਵਿੱਚ ਕਮਲਾ, ਟਰੰਪ ਨਾਲੋਂ ਅੱਗੇ ਨਿਕਲਦੀ ਨਜ਼ਰ ਆ ਰਹੀ ਹੈ। ਉਸ ਲਈ ਸਮਰਥਨ ਵਧਿਆ ਹੈ ਤੇ ਦਰਜੇ 'ਚ ਸੁਧਾਰ ਹੋ ਰਿਹਾ ਹੈ।

ਅਗਲੇ ਮਹੀਨੇ ਟੀਵੀ 'ਤੇ ਪ੍ਰਸਾਰਿਤ ਹੋਣ ਵਾਲੀ ਬਹਿਸ ਵਿੱਚ ਟਰੰਪ ਨੂੰ ਆਪਣੀ ਪਦਵੀ ਬਚਾਉਣ ਲਈ ਜੱਦੋਜਹਿਦ ਕਰਨੀ ਪਏਗੀ। ਜੂਨ ਮਹੀਨੇ ਹੋਈ ਬਹਿਸ ਵਿੱਚ ਉਸ ਨੇ ਬਾਇਡਨ ਨੂੰ ਪਛਾੜ ਦਿੱਤਾ ਸੀ। ਹਾਲਾਂਕਿ ਉਸ ਦਾ ਮੁੱਖ ਕਾਰਨ ਰਾਸ਼ਟਰਪਤੀ ਜੋਅ ਬਾਇਡਨ ਦੀ ਉਮਰ ਤੇ ਸਿਹਤ ਸੀ।

ਬਾਇਡਨ ਤੋਂ ਕਿਤੇ ਛੋਟੀ ਤੇ ਤਿੱਖੀ ਕਮਲਾ ਦਾ ਸਾਹਮਣਾ ਕਰਨਾ ਟਰੰਪ ਲਈ ਚੁਣੌਤੀਪੂਰਨ ਹੋਵੇਗਾ। ਫੇਰ ਵੀ ਸਿਰਫ਼ ਟਰੰਪ 'ਤੇ ਹੱਲਾ ਬੋਲਣਾ ਹੈਰਿਸ ਲਈ ਕਾਫ਼ੀ ਨਹੀਂ ਹੋਵੇਗਾ। ਉਸ ਨੂੰ ਅਮਰੀਕਾ ਲਈ ਇੱਕ ਨਵੀਂ ਕਾਰਜ ਯੋਜਨਾ ਨਾਲ ਆਉਣਾ ਪਵੇਗਾ ਜੋ ਵਿਹਾਰਿਕ ਹੋਵੇ ਤੇ ਦੇਸ਼ ਨੂੰ ਨਵੀਂ ਦਿਸ਼ਾ ਦਿਖਾਏ।

ਪੰਜਾਬ ਵਿੱਚ ਰਿਹਾਇਸ਼ੀ ਕਲੋਨੀਆਂ ਦਾ ਸੰਕਟ

ਪ੍ਰੋ. ਸੁਖਦੇਵ ਸਿੰਘ

ਪੰਜਾਬ ਮੰਤਰੀ ਮੰਡਲ ਨੇ ਅਣਅਧਿਕਾਰਤ ਰਿਹਾਇਸ਼ੀ ਕਲੋਨੀਆਂ ਵਿੱਚ ਪਲਾਟਾਂ ਦੀ ਵਿਕਰੀ ਲਈ ਪੁੱਡਾ ਤੋਂ ਐਨਓਸੀ ਦੀ ਸ਼ਰਤ ਹਟਾਉਣ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਦਾ ਮਕਸਦ 'ਖਰੀਦਦਾਰਾਂ ਨੂੰ ਇਨ੍ਹਾਂ ਕਲੋਨੀਆਂ ਵਿੱਚ ਬੁਨਿਆਦੀ ਸਹੂਲਤਾਂ ਲਈ ਖੱਜਲ-ਖੁਆਰੀ ਤੋਂ ਬਚਾਉਣਾ' ਦੱਸਿਆ ਗਿਆ ਹੈ ਜਦੋਂ ਕਿ ਜ਼ਮੀਨੀ ਹਕੀਕਤ ਵਿੱਚ ਇਸਦਾ ਖੋਖਲਾਪਣ ਬਹੁਤ ਸਪੱਸ਼ਟ ਹੈ। ਅਜਿਹੀ ਤਬਦੀਲੀ ਵਾਸਤੇ ਸਮੇਂ-ਸਮੇਂ 'ਤੇ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ 1995 ਵਿੱਚ ਸੋਧ ਕੀਤੀ ਜਾਂਦੀ ਰਹੀ ਹੈ। ਜਦੋਂ ਵੀ ਕਲੋਨਾਈਜ਼ਰਾਂ ਵਿਰੁੱਧ ਕਾਨੂੰਨ ਨੂੰ ਹੋਰ ਸਖ਼ਤ ਬਣਾਉਣ ਲਈ ਐਕਟ ਵਿੱਚ ਸੋਧ ਕੀਤੀ ਗਈ ਤਾਂ ਇਸ ਨਾਲ ਪਹਿਲਾਂ ਦੇ ਗੁਨਾਹਾਂ ਨੂੰ ਛੋਟ ਦੇ ਦਿੱਤੀ ਗਈ। ਇਸ ਤੋਂ ਬਾਅਦ ਫਿਰ ਬਗੈਰ ਮਨਜ਼ੂਰੀ ਕਲੋਨੀ ਕੱਟਣ ਤੇ ਸਖ਼ਤ ਕਾਨੂੰਨੀ ਕਾਰਵਾਈ ਦੀ ਲਿਖਤੀ ਹਦਾਇਤ ਕੀਤੀ ਗਈ। ਫਿਰ ਕਲੋਨੀਆਂ ਕੱਟੀਆਂ ਗਈਆਂ ਅਤੇ ਕੁਝ ਸਾਲਾਂ ਬਾਅਦ ਕਾਨੂੰਨ ਵਿੱਚ ਫਿਰ ਸੋਧ ਕੀਤੀ ਗਈ ਅਤੇ ਇਸ ਤੋਂ ਪਹਿਲਾਂ ਦੇ ਗੁਨਾਹਾਂ ਨੂੰ ਛੋਟ ਮਿਲ ਗਈ।

ਉਦਾਹਰਣ ਵਜੋਂ, 2014 ਵਿੱਚ ਰਜਿਸਟਰਡ ਪ੍ਰਮੋਟਰਾਂ ਜਾਂ ਜਾਇਦਾਦ ਏਜੰਟਾਂ ਨਾਲ ਨਜਿੱਠਣ ਲਈ PAPRA ਐਕਟ 1995 ਵਿੱਚ ਸੋਧ ਕਰ ਕੇ ਕਾਨੂੰਨ ਦੀ ਪਾਲਣਾ ਨਾ ਕਰਨ ਵਾਲੇ ਲਈ ਤਿੰਨ ਸਾਲ ਤੱਕ ਦੀ ਸਜ਼ਾ ਦੀ ਥਾਂ ਘੱਟੋ-ਘੱਟ ਤਿੰਨ ਸਾਲ ਜੋ ਕਿ ਸੱਤ ਸਾਲ ਤੱਕ ਹੋ ਸਕਦੀ ਹੈ, ਕੀਤਾ ਗਿਆ ਅਤੇ 10 ਹਜ਼ਾਰ ਰੁਪਏ ਤੱਕ ਦੇ ਜੁਰਮਾਨੇ ਨੂੰ ਘੱਟੋ-ਘੱਟ 2 ਲੱਖ ਰੁਪਏ ਤੋਂ 5 ਲੱਖ ਰੁਪਏ ਕਰ ਦਿੱਤਾ ਗਿਆ, ਪਰ ਜ਼ਮੀਨੀ ਹਕੀਕਤ ਜਿਉਂ ਦੀ ਤਿਉਂ ਰਹੀ।

ਪਿਛਲੇ ਸਮੇਂ ਦੌਰਾਨ ਸਾਲ 2010, 2013, 2014, 2016, 2018, 2021, 2022 ਵਿੱਚ ਜਾਰੀ ਕੀਤੇ ਨੋਟੀਫਿਕੇਸ਼ਨਾਂ ਰਾਹੀਂ ਖਰੀਦਦਾਰਾਂ ਨੂੰ ਧੋਖਾਧੜੀ ਤੋਂ ਬਚਾਉਣ ਦੇ ਨਾਂ 'ਤੇ ਕੋਲੋਨਾਈਜ਼ਰਾਂ ਦੇ ਅਪਰਾਧਾਂ ਨੂੰ ਮੁਆਫ਼ ਕਰਨ ਦਾ ਸਿਲਸਿਲਾ 1995 ਤੋਂ ਜਾਰੀ ਹੈ। ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ (ਪਾਪਰਾ) ਕਾਨੂੰਨ ਵਿੱਚ ਸੋਧ ਕਰ ਕੇ ਹੋਰ ਸਖ਼ਤ ਧਾਰਾਵਾਂ ਤਾਂ ਜੋੜੀਆਂ ਜਾਂਦੀਆਂ ਹਨ ਪਰ ਇਹ ਅਮਲ ਵਿੱਚ ਨਹੀਂ ਆਉਂਦੀਆਂ ਸਗੋਂ ਕੁਝ ਸਮੇਂ ਬਾਅਦ ਨਵਾਂ ਨੋਟਫਿਕੇਸ਼ਨ ਜਾਰੀ ਹੋ ਜਾਂਦਾ ਹੈ ਤੇ ਇਹ ਸਿਲਸਿਲਾ ਚਲਦਾ ਰਹਿੰਦਾ ਹੈ। ਕਲੋਨਾਈਜ਼ਰਾਂ ਦੁਆਰਾ ਕੱਟੀਆਂ ਗਈਆਂ ਅਜਿਹੀਆਂ ਰਿਹਾਇਸ਼ੀ ਕਲੋਨੀਆਂ ਵਿੱਚ ਵਿਅਕਤੀਗਤ ਪਲਾਟ ਹੋਲਡਰਾਂ ਨੂੰ ਸਮੇਂ-ਸਮੇਂ 'ਤੇ ਵਿਕਾਸ ਖਰਚਿਆਂ ਵਜੋਂ ਕੁਝ ਫੀਸ ਅਦਾ ਕਰਕੇ 'ਕੋਈ ਇਤਰਾਜ਼ ਨਹੀਂ ਸਰਟੀਫਿਕੇਟ' ਲੈਣ ਦੀ ਸ਼ਰਤ ਲਗਾਈ ਜਾਂਦੀ ਹੈ ਜੋ ਉਨ੍ਹਾਂ ਨੂੰ ਕਲੋਨਾਈਜ਼ਰਾਂ ਦੇ 'ਧੋਖੇ' ਕਰ ਕੇ ਭਰਨੀ ਪੈਂਦੀ ਹੈ ਪਰ ਕਲੋਨਾਈਜ਼ਰ ਕੋਈ ਫੀਸ ਭਰਨ ਦੀ ਬਜਾਇ ਹੋਰ ਕਲੋਨੀਆਂ ਕੱਟਣ ਵਿੱਚ ਲੱਗੇ ਰਹਿੰਦੇ ਹਨ ਅਤੇ ਅਗਲੀ ਨੋਟਫਿਕੇਸ਼ਨ ਦੀ ਉਡੀਕ ਕਰਦੇ ਹਨ।

ਮਕਾਨਾਂ ਦੀ ਵਧਦੀ ਮੰਗ ਅਤੇ ਕੁਝ ਕਲੋਨਾਈਜ਼ਰਾਂ ਦੀਆਂ ਨਿਰੋਲ ਮੁਨਾਫੇ ਲਈ ਚਲਾਈਆਂ ਜਾਂਦੀਆਂ ਅਜਿਹੀਆ ਗਤੀਵਿਧੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜਾਂਚਣ,ਨਿਯਮਤ ਕਰਨ ਅਤੇ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ' (PAPRA) 1995 ਪਾਸ ਕੀਤਾ ਗਿਆ। ਇਸ ਕਾਨੂੰਨ ਨੂੰ ਅਮਲ ਵਿੱਚ ਲਿਆਉਣ ਲਈ 'ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਿਟੀ' (ਪੁੱਡਾ) ਦੀ ਸਥਾਪਨਾ ਕੀਤੀ ਗਈ ਜਿਸ ਨੂੰ ਨਿੱਜੀ ਕਲੋਨਾਈਜ਼ਰਾਂ ਨੂੰ ਰਜਿਸਟਰ ਕਰਨ, ਲਾਇਸੈਂਸ ਜਾਰੀ ਕਰਨ ਅਤੇ ਉਹਨਾਂ ਦੀ ਮਾਲਕੀ ਵਾਲੀ ਜ਼ਮੀਨ ਦੀ 'ਵਰਤੋਂ ਤਬਦੀਲੀ' ਸੀਐਲਯੂ ਕਰ ਕੇ ਨਿਯਮਾਂ ਅਨੁਸਾਰ ਮਨਜ਼ੂਰਸ਼ੁਦਾ ਨਕਸ਼ੇ ਮੁਤਾਬਿਕ ਕਲੋਨੀਆਂ ਕੱਟਣ ਅਤੇ ਸਾਰੀਆਂ ਲੋੜੀਂਦੀਆਂ ਸਹੂਲਤਾਂ ਦਾ ਪ੍ਰਬੰਧ ਕਰਨ ਲਈ ਕਾਨੂੰਨੀ ਵਚਨਬੱਧਤਾ ਤੋਂ ਬਾਅਦ ਕਲੋਨੀਆਂ ਵਿਕਸਤ ਕਰਨ ਦੀ ਮਨਜ਼ੂਰੀ ਦੇਣ ਅਤੇ ਐਕਟ 1995 ਦੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਲਈ ਅਧਿਕਾਰਿਤ ਕੀਤਾ ਗਿਆ। ਤਨਖ਼ਾਹਾਂ ਅਤੇ ਬੁਨਿਆਦੀ ਢਾਂਚੇ 'ਤੇ ਭਾਰੀ ਵਿੱਤੀ ਬੋਝ ਦੇ ਨਾਲ 'ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ' ਅਤੇ ਇਸ ਤੋਂ ਬਾਅਦ ਦੀਆਂ ਖੇਤਰੀ ਅਥਾਰਿਟੀਆਂ ਨੂੰ 'ਪ੍ਰਮੋਟਰਾਂ ਅਤੇ ਅਸਟੇਟ ਏਜੰਟਾਂ 'ਤੇ ਜ਼ਿੰਮੇਵਾਰੀਆਂ' ਲਾਗੂ ਕਰਨ ਦਾ ਕੰਮ ਸੌਂਪਿਆ ਗਿਆ ਤਾਂ ਜੋ ਪ੍ਰਮੋਟਰ ਨਿਸਚਿਤ ਸਮੇਂ-ਸੀਮਾ ਅੰਦਰ ਸਾਰੀਆਂ ਨਾਗਰਿਕ ਸਹੂਲਤਾਂ ਪੈਦਾ ਕਰ ਕੇ ਸਬੰਧਤ ਵਿਭਾਗਾਂ ਤੋਂ ਐਨਓਸੀ ਲੈਣ ਉਪਰੰਤ ਆਪਣੀ ਕਲੋਨੀ ਸਬੰਧਤ ਨਗਰ ਨਿਗਮ ਜਾਂ ਨਗਰ ਪਾਲਿਕਾ ਨੂੰ ਸੌਂਪ ਦੇਣ। ਪੁੱਡਾ ਦੀ ਜ਼ਿੰਮੇਵਾਰੀ ਅਣਅਧਿਕਾਰਤ ਕਲੋਨੀਆਂ ਦੇ ਵਾਧੇ ਨੂੰ ਰੋਕਣਾ ਅਤੇ ਨਿਯਮਾਂ ਅਨੁਸਾਰ ਅਧਿਕਾਰਤ ਕਾਲੋਨੀਆਂ ਵਿੱਚ ਵਿਕਾਸ ਯਕੀਨੀ ਬਣਾਉਣਾ ਹੈ। ਪਰ ਬਦਕਿਸਮਤੀ ਨਾਲ ਪੁੱਡਾ ਆਪਣੀ ਇਹ ਦੋਹਰੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫਲ ਰਿਹਾ ਹੈ: 1995 ਤੋਂ ਬਾਅਦ ਅਣਅਧਿਕਾਰਤ ਕਲੋਨੀਆਂ ਦੀ ਗਿਣਤੀ 15000 ਤੋਂ ਵੱਧ ਹੋ ਗਈ ਹੈ ਜਦ ਕਿ ਮੁਕਾਬਲਤਨ ਅਧਿਕਾਰਤ ਕਲੋਨੀਆਂ ਦੀ ਗਿਣਤੀ ਬਹੁਤ ਘੱਟ ਹੈ। ਕਾਨੂੰਨੀ ਕਲੋਨੀਆਂ ਅਤੇ ਵਿਕਾਸ ਖਰਚਿਆਂ ਦੇ ਨਾਂ 'ਤੇ ਕਲੋਨਾਈਜ਼ਰ ਲਗਪਗ ਸਾਰੇ ਪਲਾਟ ਮਹਿੰਗੇ ਰੇਟ ਵੇਚ ਕੇ ਨਾਲ ਲੱਗਦੀ ਜ਼ਮੀਨ ਦਾ ਇਕ ਹਿੱਸਾ ਬਿਨਾਂ ਜ਼ਰੂਰੀ ਮਨਜ਼ੂਰੀਆਂ ਦੇ ਵੇਚ ਜਾਂਦੇ ਹਨ ਪਰ ਦੋ ਦਹਾਕੇ ਬੀਤ ਜਾਣ ਬਾਅਦ ਵੀ ਉਹ ਮਾਪਦੰਡਾਂ ਅਨੁਸਾਰ ਕਾਨੂੰਨੀ ਕਲੋਨੀਆਂ ਦਾ ਵਿਕਾਸ ਕਰਕੇ ਸਬੰਧਤ ਵਿਭਾਗਾਂ ਤੋਂ ਐਨਓਸੀ ਉਪਰੰਤ ਨਗਰ ਪਾਲਿਕਾ ਨੂੰ ਸੌਂਪਣ ਦਾ ਕੰਮ ਸਿਰੇ ਨਹੀਂ ਚਾੜ੍ਹਦੇ। ਵਿਡੰਬਨਾ ਇਹ ਹੈ ਕਿ ਵਿਕਾਸ ਅਧਿਕਾਰੀ ਨਾ ਆਪਣੇ ਆਪ ਅਤੇ ਨਾ ਹੀ ਸ਼ਿਕਾਇਤ 'ਤੇ ਇਸ ਸਬੰਧੀ ਕੋਈ ਸੰਜੀਦਾ ਕਾਰਵਾਈ ਕਰਦੇ ਹਨ। ਕਾਨੂੰਨੀ ਕਲੋਨੀਆਂ ਵਿੱਚ ਵਿਕਾਸ ਦੀ ਜ਼ਿੰਮੇਵਾਰੀ ਨਾ ਤਾਂ ਡਿਵੈਲਪਰ ਅਤੇ ਨਾ ਹੀ ਪੁੱਡਾ ਸਮੇਤ ਕੋਈ ਵੀ ਸਰਕਾਰੀ ਏਜੰਸੀ ਲੈਂਦੀ ਹੈ। ਦੂਜੇ ਪਾਸੇ ਗੈਰਕਾਨੂੰਨੀ ਕਲੋਨੀਆਂ ਵਿੱਚ ਵਿਕਾਸ ਸਬੰਧੀ ਕਿਸੇ ਦੀ ਲਿਖਤੀ ਜ਼ਿੰਮੇਵਾਰੀ ਦੀ ਅਣਹੋਂਦ ਕਰ ਕੇ, ਵੋਟਾਂ ਦੇ ਦਬਾਅ ਹੇਠ ਕੱਚਾ ਪੱਕਾ ਵਿਕਾਸ ਸਰਕਾਰੀ ਏਜੰਸੀ ਕਰਦੀਆਂ ਹਨ। ਦੋਵੇਂ ਹਾਲਤਾਂ ਵਿੱਚ ਫਾਇਦਾ ਕਲੋਨਾਈਜ਼ਰ ਦਾ ਹੁੰਦਾ ਹੈ।

ਹਾਲਾਂਕਿ ਨਿਯਮਾਂ ਅਨੁਸਾਰ ਪੁੱਡਾ ਅਧਿਕਾ

ਖ਼ੁਸ਼ ਰਹਿਣਾ ਸਿੱਖੋ

ਰੋਜ਼ਮਰ੍ਹਾ ਦੇ ਕੰਮਾਂ ਵਿਚ

ਅੱਜਕਲ੍ਹ ਭੱਜ-ਦੌੜ ਦਾ ਜ਼ਮਾਨਾ ਹੈ। ਹਰ ਕੋਈ ਆਪਣੇ ਕੰਮਾਂਕਾਰਾਂ ਵਿਚ ਰੁੱਝਿਆ ਪਿਆ ਹੈ। ਜਿਸ ਨਾਲ ਵੀ ਗੱਲ ਕਰੋ, 'ਸਮਾਂ ਨਹੀਂ ਹੈ' ਦੀ ਸ਼ਿਕਾਇਤ ਮਿਲਦੀ ਹੈ। ਹੁਣ ਏਨੇ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਖੁਸ਼ ਹੋਣ ਦਾ ਸਮਾਂ ਕਿਥੇ? ਹੈਰਾਨ ਹੋਣ ਦੀ ਲੋੜ ਨਹੀਂ, ਬਸ ਅਸੀਂ ਏਨੇ ਰੁਝੇਵਿਆਂ ਵਿਚ ਹੀ ਖੁਸ਼ ਰਹਿਣਾ ਹੈ। ਇਹ ਜ਼ਿੰਦਗੀ ਸਾਨੂੰ ਮਿਲੀ ਹੈ। ਕੰਮ ਵੀ ਕਰਨੇ ਹੀ ਹਨ, ਫਿਰ ਕਿਉਂ ਨਾ ਇਸ ਜ਼ਿੰਦਗੀ ਦਾ ਲੁਤਫ ਲੈਂਦੇ ਹੋਏ ਅਸੀਂ ਆਪਣੇ ਕੰਮ ਵੀ ਕਰੀ ਜਾਈਏ। ਸਭ ਤੋਂ ਜ਼ਿਆਦਾ ਜ਼ਰੂਰੀ ਹੈ ਘਰ ਦੀ ਔਰਤ ਦਾ ਖੁਸ਼ ਹੋਣਾ। ਜਦੋਂ ਉਹ ਸਵੇਰੇ ਉਠਦੀ ਹੈ, ਆਪਣੇ ਪਰਿਵਾਰ ਨੂੰ ਖੁਸ਼ੀ-ਖੁਸ਼ੀ ਉਠਾਉਂਦੀ ਹੈ ਤਾਂ ਸਾਰੇ ਪਰਿਵਾਰ ਦਾ ਮਨ ਹੀ ਖੁਸ਼ ਹੋਵੇਗਾ। ਜੇਕਰ ਘਰ ਦੀ ਔਰਤ ਸਵੇਰੇ ਖਿਝੀ ਹੋਈ ਉਠਦੀ ਹੈ ਜਾਂ ਸਵੇਰੇ-ਸਵੇਰੇ ਬਿਮਾਰੀਆਂ ਦਾ ਅਲਾਪ ਕਰਦੀ ਉਠਦੀ ਹੈ ਤਾਂ ਇਸ ਦਾ ਅਸਰ ਸਾਰੇ ਪਰਿਵਾਰ 'ਤੇ ਪੈਂਦਾ ਹੈ। ਸੋ ਜੇ ਕੋਈ ਤਕਲੀਫ ਹੈ ਵੀ ਤਾਂ ਵੀ ਉਸ ਨੂੰ ਸਹਿਣ ਕਰਦੇ ਹੋਏ ਸਭ ਨੂੰ ਪਿਆਰ ਨਾਲ ਉਠਾਓ, ਤਾਂ ਕਿ ਉਨ੍ਹਾਂ ਦਾ ਉਠਣ ਸਾਰ ਹੀ ਮੂਡ ਖਰਾਬ ਨਾ ਹੋ ਜਾਵੇ। ਅਗਰ ਪਤੀ ਦੇਵ ਮੰਗਵਾਈਆਂ ਹੋਈਆਂ ਪੰਜ ਚੀਜ਼ਾਂ 'ਚੋਂ

ਲੈ ਆਉਂਦੇ ਹਨ ਤਾਂ ਉਨ੍ਹਾਂ ਦੀ ਪ੍ਰਸ਼ੰਸਾ ਕਰੋ ਤੇ ਦੂਜੀ ਚੀਜ਼ ਜੋ ਰਹਿ ਗਈ ਹੈ, ਫਿਰ ਲਿਆਉਣ ਲਈ ਕਹੋ ਨਾ ਕਿ ਉਨ੍ਹਾਂ ਚਾਰ ਚੀਜ਼ਾਂ ਨੂੰ ਨਜ਼ਰਅੰਦਾਜ਼ ਕਰਕੇ ਜੋ ਇਕ ਨਹੀਂ ਆਈ, ਉਸ ਲਈ ਕਲੇਸ਼ ਕਰੋ। ਇਸ ਤਰ੍ਹਾਂ ਘਰ ਦੇ ਮਰਦਾਂ ਨੂੰ ਵੀ ਚਾਹੀਦਾ ਹੈ ਕਿ ਸਾਰੇ ਦਿਨ ਵਿਚ ਜੋ 10-15 ਕੰਮ ਹੋ ਗਏ ਹਨ, ਉਨ੍ਹਾਂ ਦੀ ਪ੍ਰਸ਼ੰਸਾ ਕਰਨ ਨਾ ਕਿ ਇਕ ਕੰਮ ਜਿਹੜਾ ਰਹਿ ਗਿਆ ਹੋਵੇ, ਉਸ ਨੂੰ ਮੁੱਦਾ ਬਣਾ ਕੇ ਘਰ 'ਚ ਕਲੇਸ਼ ਪਾਇਆ ਜਾਵੇ। ਅਕਸਰ ਘਰਾਂ 'ਚ ਇਹ ਸਥਿਤੀ ਦੇਖਣ 'ਚ ਆਉਂਦੀ ਹੈ ਕਿ ਸਾਰੇ ਕੀਤੇ ਹੋਏ ਕੰਮਾਂ ਨੂੰ ਛੱਡ ਕੇ ਜੋ ਕਿਸੇ ਕਾਰਨ ਨਹੀਂ ਹੋਇਆ, ਉਸ ਨੂੰ ਲੈ ਕੇ ਸਥਿਤੀ ਤਣਾਅਪੂਰਨ ਹੋ ਜਾਂਦੀ ਹੈ। ਸਾਨੂੰ ਪਤਾ ਹੈ ਕਿ ਜਿਹੜਾ ਕੰਮ ਸਿਰਫ ਅਸੀਂ ਚਾਹੇ ਉਹ ਘਰ ਨਾਲ ਹੋਵੇ, ਚਾਹੇ ਨੌਕਰੀ ਫਰ ਕਿਉਂ ਨਾ ਅਸੀਂ ਕੰਮ ਨੂੰ ਫਰਜ਼ ਸਮਝਦੇ ਖੁਸ਼ੀ-ਖੁਸ਼ੀ ਕਰੀਏ। ਰੇ ਦਿਨ ਦੇ ਰੁਝੇਵਿਆਂ ਵਚੋਂ ਅਸੀਂ ਆਪਣੇ ਈ ਸਿਰਫ ਇਕ ਪੰਟਾ ਤਾਂ ਕੱਢ ਸਕਦੇ ਾਂ। ਇਸ ਸਮੇਂ ਦੌਰਾਨ ਅਸੀਂ ਆਪਣਾ ਨਪਸੰਦ ਸੰਗੀਤ ਸੁਣ ਦੇ ਹਾਂ, ਮਨਪਸੰਦ ਸੀਰੀਅਲ ਜਾਂ ਹੋਰ ਟੀ. ਵੀ. ਪ੍ਰੋਗਰਾਮ ਦੇਖ ਸਕਦੇ ਹਾਂ, ਡਾਂਸ ਕਰ ਸਕਦੇ ਹਾਂ, ਕਿਤਾਬਾਂ ਪੜ੍ਹ ਸਕਦੇ ਹਾਂ। ਕੁਝ ਲਿਖ ਸਕਦੇ ਹਾਂ, ਯੋਗਾ ਕਰ ਸਕਦੇ ਹਾਂ, ਸੈਰ ਕਰ ਸਕਦੇ ਹਾਂ, ਆਪਣੇ ਦੋਸਤਾਂ-ਸਹੇਲੀਆਂ, ਰਿਸ਼ਤੇਦਾਰਾਂ ਨਾਲ ਗੱਪ-ਸ਼ੱਪ ਕਰ ਸਕਦੇ ਹਾਂ, ਆਪਣੇ ਬੱਚਿਆਂ ਨਾਲ ਖੇਡ ਸਕਦੇ ਹਾਂ। ਪਾਠ-ਪੂਜਾ ਕਰ ਸਕਦੇ ਹਾਂ, ਭਾਵ ਕੋਈ ਵੀ ਕੰਮ ਜੋ ਸਾਨੂੰ ਖੁਸ਼ੀ ਦਿੰਦਾ ਹੋਵੇ, ਕਰ ਸਕਦੇ ਹਾਂ। ਪਰਿਵਾਰ ਅਤੇ ਲੋਕਾਂ ਦੇ ਔਗੁਣ ਨਜ਼ਰਅੰਦਾਜ਼ ਕਰਕੇ ਗੁਣਾਂ ਦੀ ਪ੍ਰਸ਼ੰਸਾ ਕਰੋ। ਚੰਗੇ ਗੁਣਾਂ ਦੀ ਅਤੇ ਕੰਮਾਂ ਦੀ ਕਦਰ ਕਰਨੀ ਸਿੱਖੋ। ਧੀਰਖਾ ਅਤੇ ਸਾੜਾ ਛੱਡ ਕੇ ਆਪਣੇ ਕੰਮਾਂ ਵੱਲ ਜੁੱਟ ਜਾਓ। ਕਈ ਵਾਰ ਅਸੀਂ ਕਿਸੇ ਦੀ ਤਰੱਕੀ ਦੇਖ ਕੇ ਪ੍ਰੇਸ਼ਾਨ ਹੁੰਦੇ ਹਾਂ। ਸਾਡੇ ਅੰਦਰ ਈਰਖਾ ਭਾਵ ਆ ਜਾਂਦਾ ਹੈ। ਇਸ ਦੀ ਬਜਾਏ ਸਾਨੂੰ ਉਸ ਦੇ ਕੰਮ ਕਰਨ ਦੇ ਤਰੀਕੇ ਨੂੰ, ਉਸ ਦੀ ਮਿਹਨਤ ਨੂੰ ਦੇਖਣਾ ਚਾਹੀਦਾ ਹੈ ਤੇ ਉਸ ਤੋਂ ਸਿੱਖ ਕੇ ਅੱਗੇ ਵਧਣ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ। ਅਸੀਂ ਆਪਣੀਆਂ ਕਮੀਆਂ ਨੂੰ ਕਦੇ ਨਹੀਂ ਦੇਖਣਾ ਚਾਹੁੰਦੇ ਅਤੇ ਨਾ ਹੀ ਦੂਜਿਆਂ ਪਾਸੋਂ ਸੁਣਨਾ ਚਾਹੁੰਦੇ ਹਾਂ। ਇਹ ਬਹੁਤ ਗਲਤ ਹੈ, ਇਸ ਕਾਰਨ ਸਾਡੇ 'ਚ ਸੁਧਾਰ ਨਹੀਂ ਆਵੇਗਾ। ਆਪਣੀਆਂ ਕਮੀਆਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਦੂਰ ਕਰਨ ਦਾ ਯਤਨ ਕਰੋ। ਜਾਣੇ-ਅਣਜਾਣੇ 'ਚ ਗਲਤੀ ਹੋ ਜਾਵੇ ਤਾਂ ਉਸ ਨੂੰ ਸਵੀਕਾਰ ਕਰੋ ਤੇ ਮੁਆਫ਼ੀ ਮੰਗੋ। ਇਸ ਨਾਲ ਤੁਸੀਂ ਛੋਟੇ ਨਹੀਂ ਹੋਵੋਗੇ, ਸਗੋਂ ਤੁਹਾਡਾ ਆਤਮ-ਵਿਸ਼ਵਾਸ ਤੇ ਸਤਿਕਾਰ ਵਧੇਗਾ। ਕਦੇ ਵੀ ਕਿਸੇ ਦੀ ਝੂਠੀ ਪ੍ਰਸ਼ੰਸਾ ਨਾ ਕਰੋ, ਉਸ ਦੀ ਬਣਦੀ ਤਾਰੀਫ ਹੀ ਕਰੋ। ਚੁਗਲੀ ਦੀ ਆਦਤ ਨਾ ਹੀ ਹੋਵੇ ਤਾਂ ਚੰਗਾ ਹੈ। ਜੇਕਰ ਹੈ ਤਾਂ ਪਹਿਲਾਂ ਹੌਲੀ-ਹੌਲੀ ਘੱਟ ਕਰ ਦਿਓ ਅਤੇ ਫਿਰ ਇਸ ਆਦਤ ਨੂੰ ਛੱਡ ਦਿਓ। ਅਗਰ ਅਸੀਂ ਪਿਆਰ ਨਾਲ, ਤਾਰੀਫ ਕਰਕੇ ਖੁਸ਼ ਰਹਿ ਸਕਦੇ ਹਾਂ ਤਾਂ ਸਾਨੂੰ ਦੂਜਿਆਂ ਦੇ ਔਗੁਣ ਚਿਤਾਰ ਕੇ ਦੁਖੀ ਹੋਣ ਦੀ ਕੀ ਲੋੜ ਹੈ।

ਘਰ ਦੇ ਹਰ ਮੈਂਬਰ ਨੂੰ ਅਹਿਮੀਅਤ ਦਿਓ, ਕਿਸੇ ਨੂੰ ਵੀ ਨਜ਼ਰ-ਅੰਦਾਜ਼ ਨਾ ਕਰੋ। ਹਮੇਸ਼ਾ ਆਪਣੀ ਹੀ ਗੱਲ ਨੂੰ ਜਾਇਜ਼ ਜਾਂ ਸਹੀ ਨਹੀਂ ਠਹਿਰਾਉਣਾ ਚਾਹੀਦਾ, ਦੂਜਿਆਂ ਦੀ ਗੱਲ ਵੀ ਧਿਆਨ ਨਾਲ ਸੁਣੋ ਅਤੇ ਸਮਝੋ, ਫਿਰ ਧੀਰਜ ਨਾਲ ਫੈਸਲਾ ਲਓ। ਜੇ ਪਰਿਵਾਰ ਵਿਚ ਸਹੀ ਤਾਲਮੇਲ ਹੋਵੇਗਾ, ਫਿਰ ਹੀ ਅਸੀਂ ਸਾਰੇ ਕੰਮ, ਸਾਰੇ ਫੈਸਲੇ ਠੀਕ ਲੈ ਸਕਦੇ ਹਾਂ। ਮਨ ਖੁਸ਼ ਤੇ ਸ਼ਾਂਤ ਹੋਵੇਗਾ ਤਾਂ ਹੀ ਅਸੀਂ ਹੋਰ ਕੰਮ ਕਰ ਸਕਦੇ ਹਾਂ। ਜ਼ਿੰਦਗੀ ਤਾਂ ਚੱਲੀ ਹੀ ਜਾਣੀ ਹੈ। ਖੁਸ਼ੀਆਂ-ਗ਼ਮੀਆਂ, ਦੁੱਖ-ਮੁਸੀਬਤਾਂ ਇਹ ਸਭ ਜ਼ਿੰਦਗੀ ਦਾ ਹਿੱਸਾ ਹਨ। ਇਹ ਸਭ ਆਉਂਦੇ-ਜਾਂਦੇ ਰਹਿੰਦੇ ਹਨ। ਫਿਰ ਇਨ੍ਹਾਂ ਤੋਂ ਘਬਰਾਉਣਾ ਕਿਉਂ? ਸਗੋਂ ਡਟ ਕੇ ਹਰ ਇਕ ਦਾ ਸਾਹਮਣਾ ਕਰੋ। ਆਸ਼ਾਵਾਦੀ ਨਜ਼ਰੀਆ ਰੱਖੋ। ਹਰ ਸਮੇਂ ਬੀਤੀਆਂ ਦੁੱਖਾਂ-ਮੁਸੀਬਤਾਂ ਦੀਆਂ ਘਟਨਾਵਾਂ ਨੂੰ ਯਾਦ ਕਰਕੇ ਦੁਖੀ ਹੋਣ ਦਾ ਕੀ ਫਾਇਦਾ? ਸਗੋਂ ਜੋ ਸਾਡੇ ਕੋਲ ਅੱਜ ਹੈ, ਉਸ ਨੂੰ ਜੀਓ। ਜਾਂ ਤਾਂ ਕੋਈ ਕੰਮ ਸ਼ੁਰੂ ਹੀ ਨਾ ਕਰੋ, ਜੇ ਹੱਥ ਵਿਚ ਕੰਮ ਲੈ ਲਓ ਤਾਂ ਸਿਰੇ ਲਗਾ ਕੇ ਹੀ ਦਮ ਲਓ। ਸੁੰਦਰ-ਸੁੰਦਰ ਸੁਪਨੇ ਦੇਖੋ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਜੁੱਟ ਜਾਓ। ਜ਼ਿੰਦਗੀ ਦੀ ਹਰ ਸਵੇਰ ਉਤਸ਼ਾਹ ਨਾਲ ਉਠੋ, ਸਭ ਨਾਲ ਪਿਆਰ ਨਾਲ ਵਿਚਰੋ।

ਪ੍ਰਿ: ਤੇਜਿੰਦਰਪਾਲ ਕੌਰ

ਘਰੇਲੂ ਟਿਪਸ

❋ਸੁੱਕੇ ਆਂਵਲੇ ਨੂੰ ਰਾਤ ਭਰ ਪਾਣੀ ਵਿਚ ਭਿਓਂ ਕੇ ਸਵੇਰੇ ਉਸ ਦੇ ਪਾਣੀ ਨਾਲ ਅੱਖਾਂ ਤੇ ਸਿਰ ਧੋਣ ਨਾਲ ਅੱਖਾਂ ਦੀ ਰੌਸ਼ਨੀ ਵਧਦੀ ਹੈ। ਵਾਲ ਕਾਲੇ ਮਜ਼ਬੂਤ ਤੇ ਚਮਤਕਾਰ ਬਣਦੇ ਹਨ ਅਤੇ ਝੜਨੋਂ ਹੱਟ ਜਾਂਦੇ ਹਨ।

❋ਆਂਵਲੇ ਦੇ ਮੁਰੱਬੇ ਦੀ ਵਰਤੋਂ ਕਰਨ ਨਾਲ ਦਿਲ ਮਜ਼ਬੂਤ ਹੁੰਦਾ ਹੈ ਅਤੇ ਪੇਟ ਦੀਆਂ ਬੀਮਾਰੀਆਂ ਤੋਂ ਬਚਾਅ ਹੁੰਦਾ ਹੈ।

❋ਬੱਚਿਆਂ ਲਈ ਆਂਵਲੇ ਦਾ ਚੂਰਨ ਤੇ ਸ਼ਹਿਦ ਬਹੁਤ ਲਾਹੇਵੰਦ ਹੈ।

❋ ਰੋਜ਼ਾਨਾ ਤਾਜ਼ਾ ਆਂਵਲਾ ਚਿੱਥ ਕੇ ਖਾਣ ਨਾਲ ਦੰਦਾਂ ਸਬੰਧੀ ਨੁਕਸ ਦੂਰ ਹੁੰਦੇ ਹਨ।

❋ਤਾਜ਼ਾ ਆਂਵਲੇ ਦਾ ਰਸ ਚੂਸਣ ਨਾਲ ਸ਼ੂਗਰ ਦੇ ਰੋਗੀਆਂ ਨੂੰ ਫਾਇਦਾ ਮਿਲਦਾ ਹੈ।

❋ਰੋਟੀ ਤੋਂ ਬਾਅਦ ਗੁੜ ਖਾਣ ਨਾਲ ਰੋਟੀ ਹਜ਼ਮ ਹੋ ਜਾਂਦੀ ਹੈ ਅਤੇ ਖੂਨ ਵਧੇਗਾ।

❋ਪਪੀਤਾ ਅਤੇ ਮੂਲੀ ਸਿਹਤ ਲਈ ਬਹੁਤ ਹੀ ਗੁਣਕਾਰੀ ਹੈ।

❋ ਜੇਕਰ 2-3 ਦਿਨ ਤੋਂ ਬੁਖਾਰ ਜਾਂ ਗਲਾ ਖਰਾਬ ਹੋਵੇ ਤਾਂ ਤੁਲਸੀ ਦੇ ਪੱਤੇ ਚਾਹ ਵਿਚ ਪਾ ਕੇ ਪੀਓ।

❋ਤੁਲਸੀ ਦੇ ਪੱਤੇ ਪੀਣ ਨਾਲ ਜ਼ੁਕਾਮ, ਸਿਰਦਰਦ, ਪੁਰਾਣੀ ਖਾਂਸੀ ਅਤੇ ਪੇਟ ਦੀਆਂ ਬੀਮਾਰੀਆਂ ਸਭ ਠੀਕ ਹੋ ਜਾਂਦੀਆਂ ਹਨ।

❋ਆਂਵਲੇ ਦਾ ਪਾਊਡਰ ਸਵੇਰੇ-ਸ਼ਾਮ 1-1 ਚਮਚਾ ਪਾਣੀ ਨਾਲ ਲੈਣ ਨਾਲ ਬਵਾਸੀਰ ਤੋਂ ਛੁਟਕਾਰਾ ਮਿਲੇਗਾ।

❋ਜੇਕਰ ਕਿਸੇ ਨੂੰ ਖੂਨੀ ਬਵਾਸੀਰ ਹੋਵੇ ਉਹ ਆਂਵਲੇ ਦਾ ਪ੍ਰਯੋਗ ਜ਼ਿਆਦਾ ਕਰੇ, ਦਹੀਂ, ਲੱਸੀ, ਗੁੜ ਦਾ ਪ੍ਰਯੋਗ ਜ਼ਿਆਦਾ ਕਰੇ।

❋ਜੇਕਰ ਬਵਾਸੀਰ ਦਾ (ਮਹੁਕਾ) ਹੋ ਜਾਵੇ ਤਾਂ ਘਰ ਵਿਚ ਮੱਖਣ ਬਣਾ ਕੇ ਉਸ ਨੂੰ ਚੁੰਨੀ ਜਾਂ ਮਲਮਲ ਦੇ ਪਤਲੇ ਕੱਪੜੇ ਵਿਚ ਪਾ ਕੇ 50-60 ਵਾਰ ਧੋ ਕੇ ਮਹੁਕੇ 'ਤੇ ਸਵੇਰੇ-ਸ਼ਾਮ ਲਗਾਉਣ ਨਾਲ ਮਹੁਕਾ ਖਤਮ ਹੋ ਜਾਵੇਗਾ।

❋ਛੋਲਿਆਂ ਦੇ ਹਰੇ ਪੱਤਿਆਂ ਦਾ ਘਰਾਂ ਵਿਚ ਸਾਗ ਤਾਂ ਪਿੰਡ ਦੇ ਲੋਕ ਅਕਸਰ ਖਾਂਦੇ ਹਨ ਪਰ ਇਨ੍ਹਾਂ ਹਰੇ ਪੱਤਿਆਂ ਦੀ ਚਟਣੀ ਘੱਟ ਹੀ ਲੋਕਾਂ ਨੇ ਖਾਧੀ ਹੋਵੇਗੀ। ਹਰੇ ਹਰੇ ਕੋਮਲ ਪੱਤਿਆਂ ਨੂੰ ਧੋ ਸੁਆਰ ਕੇ ਪਿਆਜ਼ ਤੇ ਆਪਣੇ ਟੇਸਟ ਮੁਤਾਬਿਕ ਲੂਣ ਮਿਰਚ ਆਦਿ ਪਾ ਕੇ ਚਟਣੀ ਕੁੱਟ ਲਓ।

ਇਹ ਛੋਲਿਆਂ ਦੇ ਹਰੇ ਪੱਤਿਆਂ ਦੀ ਚਟਣੀ ਜਿਥੇ ਖਾਣ ਲਈ ਸੁਆਦ ਲੱਗੇਗੀ ਉਥੇ ਇਸ ਵਿਚਲੇ ਪੌਸ਼ਟਿਕ ਗੁਣ ਸਰੀਰ ਲਈ ਬਹੁਤ ਲਾਭਦਾਇਕ ਸਿੱਧ ਹੁੰਦੇ ਹਨ। ਸੌ ਗ੍ਰਾਮ ਛੋਲਿਆਂ ਦੇ ਪੱਤਿਆਂ ਵਿਚ 28.3 ਮਿਲੀਗ੍ਰਾਮ ਲੋਹ ਤੱਤ ਹੁੰਦਾ ਹੈ। ਇਸ ਚਟਣੀ ਦਾ ਲਗਾਤਾਰ ਦੋ ਮਹੀਨੇ ਪ੍ਰਯੋਗ ਕਰਨ ਨਾਲ ਖੂਨ ਪੂਰੀ ਤਰ੍ਹਾਂ ਸਾਫ ਹੋ ਜਾਂਦਾ ਹੈ। ਸਰੀਰ 'ਤੇ ਫੋੜੇ, ਫੁਨਸੀਆਂ, ਦੱਦ, ਖੁਰਕ ਆਦਿ ਦਾ ਪੂਰੀ ਤਰ੍ਹਾਂ ਸਫਾਇਆ ਹੋ ਜਾਂਦਾ ਹੈ। ਛੋਲਿਆਂ ਦੀ ਚਟਣੀ ਦੀ ਵਰਤੋਂ ਕਰਨ ਨਾਲ ਹੱਡੀਆਂ ਮਜ਼ਬੂਤ ਹੋਣਗੀਆਂ ਤੇ ਅੱਖਾਂ ਦੀ ਰੋਸ਼ਨੀ ਵੀ ਵਧੇਗੀ।

ਮਾਲ ਪੂੜਾ ਤੇ ਰਬੜੀ

ਸਮੱਗਰੀ : ਇਕ ਕੱਪ ਕਣਕ ਦਾ ਆਟਾ, ਅੱਧਾ ਕੱਪ ਗੁੜ, ਅੱਧਾ ਚਮਚ ਸੌਂਪ, ਅੱਧਾ ਚਮਚ ਇਲਾਈਚੀ ਪਾਊਡਰ, ਪਕਾਉਣ ਲਈ ਰਿਫਾਇੰਡ ਤੇਲ ਅਤੇ ਇਕ ਕੱਪ ਸਾਫ ਪਾਣੀ।

ਸ਼ਾਹੀ ਰਬੜੀ ਲਈ : ਇਕ ਕੱਪ ਦੁੱਧ, ਇਕ ਕੱਪ ਕਾਟੇਜ਼ ਪਨੀਰ, ਅੱਧਾ ਕੱਪ ਕੰਡੈਂਸਡ ਮਿਲਕ, 1/4 ਚਮਚਾ ਇਲਾਈਚੀ ਪਾਊਡਰ, ਕੁਝ ਬੂੰਦਾ ਗੁਲਾਬ ਜਲ।

ਸਜਾਉਣ ਲਈ : ਇਕ ਵੱਡਾ ਚਮਚ ਕਟਿਆ ਪੀਸਤਾ, ਕੱਤਰੀਆਂ ਹੋਈਆਂ ਗੁਲਾਮ ਦੀਆਂ ਟੁੱਕੜੀਆਂ।

ਵਿਧੀ : ਮਾਲ ਪੂੜਾ ਬਣਾਉਣ ਦੇ ਲਈ ਇਕ ਕੱਪ ਗਰਮ ਪਾਣੀ ਵਿਚ ਗੁੜ ਭਿਓਂ ਦਿਓ। ਚੰਗੀ ਤਰ੍ਹਾਂ ਹਿਲਾਉਂਦੇ ਹੋਏ ਘੋਲੋ ਤੇ ਇਕ ਪੈਨ ਵਿਚ ਥੋੜਾ ਜਿਹਾ ਰਿਫਾਇੰਡ ਪਾਓ ਤੇ ਥੋੜਾ ਘੋਲ ਲੈ ਕੇ ਪੈਨ ਦੇ ਚਾਰੇ ਪਾਸੇ ਗੁਲਾਈ ਵਿਚ ਫੈਲਾ ਦਿਓ। ਇਸ ਤਰ੍ਹਾਂ ਹੋਰ ਮਾਲ ਪੂੜੇ ਬਣਾ ਲਓ। ਇਸ ਤੋਂ ਬਾਅਦ ਇਕ ਵੱਡੇ ਭਾਂਡੇ ਵਿਚ ਰਬੜੀ ਦੀ ਸਮੱਗਰੀ ਮਿਲਾ ਕੇ 10-15 ਮਿੰਟ ਤੱਕ ਹਲਕੀ ਆਂਚ ਤੱਕ ਪਕਾਓ। ਮਾਲਪੂੜੇ ਦੇ ਵਿਚਕਾਰ ਰਬੜੀ ਦੀ ਇਕ ਪਰਤ ਲਗਾਓ ਅਤੇ ਤੁਰੰਤ ਸਰਵ ਕਰੋ। ਗੁਲਾਬ ਦੀਆਂ ਪੰਖੜੀਆਂ ਅਤੇ ਪੀਸਤੇ ਨਾਲ ਇਸ ਨੂੰ ਸਜਾ ਦਿਓ ਅਤੇ ਇਸ ਨੂੰ ਸਰਵ ਕਰੋ। ਇਹ ਇਕ ਵਧੀਆ ਸਵੀਟ ਡਿਸ਼ ਹੈ। ਇਸ ਨੂੰ ਤੁਸੀਂ ਘਰ ਬਣਾ ਕੇ ਬੱਚਿਆਂ, ਵੱਡਿਆਂ ਦੋਵਾਂ ਨੂੰ ਖੁਆ ਕੇ ਖੁਸ਼ ਕਰ ਸਕਦੇ ਹੋ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਇਕ ਸਸਤੀ ਆਈਟਮ ਹੈ, ਜਿਸ 'ਤੇ ਜ਼ਿਆਦਾ ਖਰਚਾ ਵੀ ਨਹੀਂ ਆਉਂਦਾ। ਵੱਡੇ ਤਾਂ ਇਸ ਨੂੰ ਖਾਂਦੇ ਸਮੇਂ ਖੁਸ਼ ਹੁੰਦੇ ਹੀ ਹਨ ਬੱਚੇ ਵੀ ਇਸ ਨੂੰ ਖਾ ਕੇ ਬਹੁਤ ਖੁਸ਼ ਹੁੰਦੇ ਹਨ।

-ਵੀਨਾ ਸ਼ਰਮਾ

ਕੁਦਰਤੀ ਸੁਹੱਪਣ

ਅਕਸਰ ਮੁਟਿਆਰਾਂ ਆਪਣੀ ਖੂਬਸੂਰਤੀ ਨੂੰ ਵਧਾਉਣ ਲਈ ਵੱਖ-ਵੱਖ ਤਰੀਕੇ ਅਜ਼ਮਾਉਂਦੀਆਂ ਹਨ। ਉਹ ਇਸ ਗੱਲ ਤੋਂ ਅਣਜਾਣ ਹਨ ਕਿ ਤਰ੍ਹਾਂ-ਤਰ੍ਹਾਂ ਦੀਆਂ ਕਰੀਮਾਂ, ਲੋਸ਼ਨ, ਲਿਪਸਟਿਕ, ਚਮੜੀ ਦੇ ਨਿਖਾਰ ਲਈ ਮਹਿੰਗੇ ਸਾਬਣ, ਤਰ੍ਹਾਂ-ਤਰ੍ਹਾਂ ਦੇ ਵਾਲ ਵਧਾਉਣ ਵਾਲੇ ਸ਼ੈਂਪੂ, ਮਹਿੰਗੇ ਖ਼ੁਸ਼ਬੂਦਾਰ ਤੇਲ ਉਨ੍ਹਾਂ ਦੀ ਸੁੰਦਰਤਾ 'ਚ ਸਥਾਈ ਵਾਧਾ ਨਹੀਂ ਕਰਦੇ ਅਤੇ ਇਹ ਵਕਤੀ ਸੁੰਦਰਤਾ ਹੈ। ਕੁੜੀਆਂ 'ਚ ਹਮੇਸ਼ਾਂ ਇਹ ਖਿੱਚ ਹੁੰਦੀ ਹੈ ਕਿ ਮੈਂ ਫਲਾਨੀ ਕੁੜੀ ਵਾਂਗ ਦਿਸਾਂ, ਹਰ ਦੇਖਣ ਵਾਲੇ ਨੂੰ ਆਕਰਸ਼ਿਤ ਕਰਾਂ। ਇਹੋ ਜਿਹੀਆਂ ਮੁਟਿਆਰਾਂ ਮੇਕਅੱਪ ਦੇ ਬੁਰੇ ਪ੍ਰਭਾਵਾਂ ਨੂੰ ਤੋਂ ਅਣਜਾਣ ਹੁੰਦੀਆਂ ਹਨ। ਜੇ ਉਨ੍ਹਾਂ ਨੂੰ ਪਤਾ ਹੋਵੇ ਕਿ ਮੇਕਅੱਪ ਲਈ ਵਰਤੀ ਜਾਂਦੀ ਸਮਗਰੀ 'ਚ ਕਿਹੜੇ ਰਸਾਇਣ ਵਰਤੇ ਗਏ ਹਨ ਤਾਂ ਸ਼ਾਇਦ ਉਹ ਸੋਚ ਸਮਝ ਕੇ ਇਸ ਸਾਮਾਨ ਦੀ ਵਰਤੋਂ ਕਰਨ। ਮੇਕਅੱਪ ਦਾ ਸਾਮਾਨ ਸਰੀਰ ਦੇ ਜਿਸ ਹਿੱਸੇ 'ਤੇ ਵਰਤਿਆ ਜਾਂਦਾ ਹੈ, ਉਸ ਥਾਂ ਦੇ ਚਮੜੀ ਦੇ ਮੁਸਾਮ ਬੰਦ ਕਰ ਦਿੰਦਾ ਹੈ, ਜਿਸ ਕਰਕੇ ਪਸੀਨੇ ਦੁਆਰਾ ਜੋ ਸਾਡੇ ਸਰੀਰ 'ਚੋਂ ਤੇਜ਼ਾਬੀ ਪਦਾਰਥ ਨਿਕਲਦੇ ਹਨ ਉਹ ਬੰਦ ਹੋ ਜਾਂਦੇ ਹਨ।

ਨਤੀਜੇ ਵਜੋਂ ਕਈ ਤਰ੍ਹਾਂ ਦੇ ਚਮੜੀ ਰੋਗ ਪੈਦਾ ਹੁੰਦੇ ਹਨ। ਘਟੀਆ ਲਿਪਸਟਿਕ ਲਾਉਣ ਨਾਲ ਬੁੱਲ੍ਹਾਂ ਦੀ ਕੁਦਰਤੀ ਦਿੱਖ ਖਤਮ ਹੋ ਜਾਂਦੀ ਹੈ। ਲਿਪਸਟਿਕ ਨਾਲ ਬੁੱਲ੍ਹਾਂ ਦਾ ਐਗਜ਼ੀਮਾ ਹੋ ਜਾਂਦਾ ਹੈ। ਬੁੱਲ੍ਹ ਰੁੱਖੇ-ਸੁੱਕੇ ਜਿਹੇ ਹੋ ਜਾਂਦੇ ਹਨ, ਬੁੱਲ੍ਹਾਂ 'ਚ ਦਰਾੜਾਂ ਪੈ ਜਾਂਦੀਆਂ ਹਨ, ਉਪਰ ਤਹਿ ਜਿਹੀ ਜੰਮ ਜਾਂਦੀ ਹੈ। ਅਜਿਹੇ ਬੁੱਲ੍ਹ ਵੇਖਣ ਵਾਲੇ ਨੂੰ ਬੜੇ ਭੱਦੇ ਲੱਗਦੇ ਹਨ। ਕਈ ਮੁਟਿਆਰਾਂ ਵਾਲਾਂ ਦੇ ਕਾਲਾਪਣ ਤੇ ਚਮਕ ਵਧਾਉਣ ਦੀ ਹੋੜ 'ਚ ਬਾਜ਼ਾਰੀ ਮਹਿੰਦੀ ਲਿਆ ਕੇ ਆਪਣੇ ਵਾਲ ਰੰਗਦੀਆਂ ਹਨ। ਉਨ੍ਹਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਸ ਮਹਿੰਦੀ ਵਿਚ ਪੇਰਾ ਫੇਨਾਈਲ ਡਾਈਮੀਨ ਨਾਂ ਦਾ ਤੇਜ਼ ਰਸਾਇਣ ਹੈ, ਜੋ ਅਲਰਜੀ ਦੇ ਲੱਛਣ ਪੈਦਾ ਕਰਦਾ

ਆਨਲਾਈਨ ਪੈਸੇ ਟ੍ਰਾਂਸਫਰ ਕਰਨ ਤੋਂ ਪਹਿਲਾਂ

ਨੋਟਬੰਦੀ ਦੇ ਫ਼ੈਸਲੇ ਤੋਂ ਬਾਅਦ ਦੇਸ਼ ਦੇ ਫਾਈਨੈਂਸ਼ੀਅਲ ਈਕੋਸਿਸਟਮ 'ਚ ਤਬਦੀਲੀ ਆਈ ਹੈ। 2016 ਤੋਂ ਬਾਅਦ ਡਿਜੀਟਲ ਟ੍ਰਾਂਜੈਕਸ਼ਨ ਦੀ ਸੰਖਿਆ 'ਚ ਵਾਧਾ ਹੋਇਆ ਹੈ। ਇਸ ਫ਼ੈਸਲੇ ਤੋਂ ਬਾਅਦ ਲੋਕਾਂ ਕੋਲ ਨਕਦੀ ਦੀ ਮੁਸ਼ਕਲ ਨੂੰ ਦੇਖਦੇ ਹੋਏ ਐੱਨਈਐੱਫਟੀ, ਆਰਟੀਜੀਐੱਸ, ਈ-ਵਾਲੇਟ ਅਤੇ ਯੂਪੀਆਈ ਗਾਹਕਾਂ ਦੀ ਮਦਦ ਕਰਨ ਵਾਲੇ ਸਾਧਨਾਂ ਦੇ ਤੌਰ 'ਤੇ ਤੇਜ਼ੀ ਨਾਲ ਉੱਭਰੇ ਹਨ। ਹਾਲਾਂਕਿ ਇਨ੍ਹਾਂ ਸਾਰੇ ਸਾਧਨਾਂ ਵਿਚਕਾਰ ਗਾਹਕ ਹੁਣ ਇਸ ਪਰੇਸ਼ਾਨੀ 'ਚ ਹਨ ਕਿ ਇਸ 'ਚ ਕਿਸ ਸਾਧਨ ਨੂੰ ਚੁਣਨਾ ਬਿਹਤਰ ਹੋਵੇਗਾ।

ਕੀ ਹੁੰਦਾ ਹੈ ਐੱਨਈਐੱਫਟੀ

ਰਾਸ਼ਟਰੀ ਇਲੈਕਟ੍ਰਾਨਿਕ ਫੰਡ ਟ੍ਰਾਂਸਫਰ (ਐੱਨਈਐੱਫਟੀ) ਇਕ ਬੈਂਕ ਖ਼ਾਤੇ ਤੋਂ ਦੂਜੇ 'ਚ ਫੰਡ ਟ੍ਰਾਂਸਫਰ ਕਰਨ ਦਾ ਸਭ ਤੋਂ ਆਮ ਤਰੀਕਾ ਹੈ। ਇਸ 'ਚ ਟ੍ਰਾਂਸਫਰ ਕੀਤੇ ਜਾਣ ਵਾਲੀ ਫੰਡ ਰਾਸ਼ੀ 'ਤੇ ਕੋਈ ਵੀ ਲਿਮਿਟ ਲਾਗੂ ਨਹੀ ਹੈ। ਇਸ ਦੀ ਪ੍ਰਕਿਰਿਆ ਵੀ ਆਸਾਨ ਹੁੰਦੀ ਹੈ। ਐੱਨਈਐੱਫਟੀ ਟ੍ਰਾਂਸਫਰ 'ਤੇ ਸ਼ੁਲਕ ਲਿਆ ਜਾਂਦਾ ਹੈ, ਜੋ ਕਿ ਕਰ ਦੇ ਨਾਲ-ਨਾਲ 2.50 ਰੁਪਏ ਤੋਂ ਲੈ ਕੇ 25 ਰੁਪਏ ਤਕ ਹੋ ਸਕਦਾ ਹੈ। ਇਕ ਵਾਰ 'ਚ ਐੱਨਈਐੱਫਟੀ ਜ਼ਰੀਏ ਜ਼ਿਆਦਾਤਰ 10 ਲੱਖ ਰੁਪਏ ਤਕ ਭੇਜੇ ਜਾ ਸਕਦੇ ਹਨ।

ਕੀ ਹੈ ਆਰਟੀਜੀਐੱਸ

ਰੀਅਲ ਟਾਈਮ ਗ੍ਰਾਸ ਸੈਟਲਮੈਂਟ (ਆਰਟੀਜੀਐੱਸ) ਬੈਂਕਾਂ 'ਚ ਫੰਡ ਟ੍ਰਾਂਸਫਰ ਦਾ ਇਕ ਤਰੀਕਾ ਹੈ, ਜੋ ਵਿਅਕਤੀਗਤ ਖ਼ਾਤਾ ਧਾਰਕਾਂ ਜਾਂ ਸਮੂਹਾਂ 'ਚ ਗਾਹਕਾਂ ਨੂੰ ਕੀਤਾ ਜਾਂਦਾ ਹੈ। ਇਸ ਤਹਿਤ ਜਦੋਂ ਫੰਡ ਪ੍ਰਾਪਤ ਕੀਤਾ ਜਾਂਦਾ ਹੈ ਤਾਂ ਉਸ ਨੂੰ ਅੱਗੇ ਭੁਗਤਾਨ ਜਾਂ ਗਾਹਕ ਦੇ ਨਿਰਦੇਸ਼ ਅਨੁਸਾਰ ਹੋਰ ਉਪਯੋਗ ਲਈ ਵਧਾ ਦਿੱਤਾ ਜਾਂਦਾ ਹੈ।

ਐੱਨਈਐੱਫਟੀ ਤਹਿਤ ਫੰਡ ਟ੍ਰਾਂਸਫਰ ਇਕ ਨਿਰਧਾਰਿਤ ਸਮੇਂ 'ਤੇ ਹੀ ਹੁੰਦਾ ਹੈ। ਹਰ ਇਕ ਘੰਟੇ 'ਚ ਇਸ ਤਹਿਤ ਫੰਡ ਟ੍ਰਾਂਸਫਰ ਹੁੰਦੇ ਹਨ, ਜਦਕਿ ਆਰਟੀਜੀਐੱਸ ਫੰਡ ਨੂੰ ਤਤਕਾਲ ਟ੍ਰਾਂਸਫਰ ਕਰਨ ਲਈ ਪ੍ਰਕਿਰਿਆ 'ਚ ਲਗਾ ਦਿੱਤਾ ਜਾਂਦਾ ਹੈ।

ਇਸ ਤਹਿਤ ਭੇਜਿਆ ਜਾਣ ਵਾਲੀ ਘੱਟ ਤੋਂ ਘੱਟ ਰਕਮ 2 ਲੱਖ ਰੁਪਏ ਹੁੰਦੀ ਹੈ। ਬਾਕੀ ਜ਼ਿਆਦਾਤਰ 'ਚ ਇਸ 'ਤੇ ਕੋਈ ਸੀਮਾ ਨਹੀ ਹੈ। ਆਰਟੀਜੀਐੱਸ 'ਚ ਰੀਅਲ ਟਾਇਮ ਬੇਸ 'ਤੇ ਪੈਸਾ ਟ੍ਰਾਂਸਫਰ ਕੀਤਾ ਜਾ ਸਕਦਾ ਹੈ ਇਸ ਲਈ ਇਸ 'ਚ ਸ਼ੁਲਕ ਵੀ ਜ਼ਿਆਦਾ ਲਿਆ ਜਾਂਦਾ ਹੈ।

ਕੀ ਹੈ ਯੂਪੀਆਈ

ਯੂਨੀਫਾਇਡ ਪੇਮੈਂਟ ਇੰਟਰਫੇਸ (ਯੂਪੀਆਈ) ਸਰਵਿਸ ਅਪ੍ਰੈਲ 2016 'ਚ ਸ਼ੁਰੂ ਕੀਤੀ ਗਈ ਸੀ। ਯੂਪੀਆਈ ਯੂਜ਼ਰ ਦੇ ਬੈਂਕ ਖਾਤੇ ਨਾਲ ਜੁੜਿਆ ਰਹਿੰਦਾ ਹੈ। ਇਸ ਲਈ ਜਦੋਂ ਵੀ ਤੁਹਾਨੂੰ ਕੋਈ ਟ੍ਰਾਂਜੈਕਸ਼ਨ ਕਰਨੀ ਹੋਵੇ ਤਾਂ ਹਰ ਵਾਰ ਜਾਣਕਾਰੀਆਂ ਨਹੀ ਦੇਣੀਆਂ ਪੈਣਗੀਆਂ। ਜਿਵੇਂ ਹੀ ਤੁਸੀ ਯੂਪੀਆਈ ਲਈ ਰਜਿਸਟਰ ਕਰਦੇ ਹੋ ਤੁਹਾਨੂੰ ਇਕ ਵਰਚੂਅਲ ਆਈਡੀ, ਟੀਪਿਨ ਜਾਂ ਐੱਮਪਿਨ ਮਿਲਦਾ ਹੈ, ਜਿਸ ਨਾਲ ਤੁਸੀ ਟ੍ਰਾਂਜੈਕਸ਼ਨ ਕਰ ਸਕਦੇ ਹੋ।

ਯੂਨੀਫਾਇਡ ਪੇਮੈਂਟ ਇੰਟਰਫੇਸ (ਯੂਪੀਆਈ) ਜ਼ਰੀਏ ਤੁਸੀ ਆਨਲਾਈਨ ਤਰੀਕੇ ਨਾਲ ਪੈਸਾ ਟ੍ਰਾਂਸਫਰ ਕਰ ਸਕਦੇ ਹੋ। ਇਸ ਨਾਲ ਨੈਸ਼ਨਲ ਪੇਮੈਂਟ ਕਾਰਪੋਰੇਸ਼ਨ ਆਫ਼ ਇੰਡੀਆ (ਐੱਨਸੀਪੀਆਈ) ਨੇ ਬਣਾਇਆ ਹੈ ਅਤੇ ਉਸ ਦਾ ਦਾਅਵਾ ਹੈ ਕਿ ਯੂਪੀਆਈ ਜ਼ਰੀਏ ਤੁਸੀ ਸਿਰਫ਼ ਐੱਸਐੱਮਐੱਸ ਜ਼ਰੀਏ ਵੀ ਰਕਮ ਟ੍ਰਾਂਸਫਰ ਕਰ ਸਕਦੇ ਹੋ। •

ਨੋਟਬੰਦੀ ਦੇ ਫ਼ੈਸਲੇ ਤੋਂ ਬਾਅਦ ਦੇਸ਼ ਦੇ ਫਾਈਨੈਂਸ਼ੀਅਲ ਇਕੋਸਿਸਟਮ 'ਚ ਤਬਦੀਲੀ ਆਈ ਹੈ। ਡਿਜੀਟਲ ਟ੍ਰਾਂਜੈਕਸ਼ਨ 'ਚ ਪੈਸੇ ਟ੍ਰਾਂਸਫਰ ਕਰਨ ਲਈ ਤੁਹਾਡੇ ਕੋਲ ਕਈ ਸਾਰੇ ਸਾਧਨ ਹੁੰਦੇ ਹਨ। ਜਾਣੋ ਤੁਹਾਡੇ ਲਈ ਕਿਹੜਾ ਸਾਧਨ ਸਹੀ ਹੈ...

ਜੇ ਚਾਹੁੰਦੇ ਹੋ ਜ਼ਿਆਦਾ ਵਿਆਜ ਤਾਂ ਅਪਣਾਉ ਡਾਕਘਰ ਦਾ ਰਸਤਾ

ਭਵਿੱਖ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਧਿਆਨ 'ਚ ਰੱਖਦੇ ਹੋਏ ਲੋਕ ਬਚਤ ਲਈ ਤਰ੍ਹਾਂ-ਤਰ੍ਹਾਂ ਦੇ ਨਿਵੇਸ਼ ਸਾਧਨਾਂ ਦਾ ਇਸਤੇਮਾਲ ਕਰਦੇ ਹਨ। ਹਾਲਾਂਕਿ ਲੋਕ ਆਮਤੌਰ 'ਤੇ ਬੈਂਕ ਦੇ ਸੇਵਿੰਗ ਅਕਾਊਂਟ ਨੂੰ ਹੀ ਸੁਰੱਖਿਅਤ ਅਤੇ ਬਿਹਤਰ ਮੰਨਦੇ ਹਨ...

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਡਾਕਘਰ ਭਾਵ ਪੋਸਟ ਆਫਿਸ 'ਚ ਵੀ ਅਜਿਹੀਆਂ ਸਕੀਮਾਂ ਚਲਦੀਆਂ ਹਨ ਜੋ ਬੈਂਕ ਦੇ ਸੇਵਿੰਗ ਅਕਾਊਂਟ ਤੋਂ ਵੀ ਜ਼ਿਆਦਾ ਵਿਆਜ ਦਿੰਦੀਆਂ ਹਨ। ਅੱਜ ਅਸੀ ਇਨ੍ਹਾਂ ਸਕੀਮਾਂ ਬਾਰੇ ਚਰਚਾ ਕਰਾਂਗੇ।

ਡਾਕਘਰ ਮਹੀਨਾਵਰ ਬਚਤ ਆਮਦਨ

ਡਾਕਘਰ ਦੀ ਮਹੀਨਾਵਰ ਆਮਦਨ ਖ਼ਾਤਾ ਯੋਜਨਾ ਅਜਿਹੇ ਨਿਵੇਸ਼ਕਾਂ ਲਈ ਹੁੰਦੀ ਹੈ ਜੋ ਰਾਸ਼ੀ ਦਾ ਨਿਵੇਸ਼ ਕਰ ਮਹੀਨਾਵਰ ਆਧਾਰ 'ਤੇ ਵਿਆਜ ਪ੍ਰਾਪਤ ਕਰਨਾ ਚਾਹੁੰਦੇ ਹਨ। ਇਹ ਯੋਜਨਾ ਰਿਟਾਇਰਡ ਕਰਮਚਾਰੀਆਂ ਅਤੇ ਬਜ਼ੁਰਗ ਨਾਗਰਿਕਾਂ ਲਈ ਬਹੁਤ ਉਪਯੋਗੀ ਹੈ। ਇਸ ਖ਼ਾਤੇ 'ਚ ਮਚਿਓਰਿਟੀ ਸਮਾਂ ਪੰਜ ਸਾਲ ਹੁੰਦਾ ਹੈ। ਇਸ 'ਚ ਖ਼ਾਤਾ ਧਾਰਕ ਨੂੰ ਜਮ੍ਹਾਂ 'ਤੇ ਹਰ ਮਹੀਨੇ ਵਿਆਜ ਮਿਲਦਾ ਹੈ। ਮੌਜੂਦਾ ਸਮੇਂ 'ਚ ਇਸ ਯੋਜਨਾ 'ਚ 7.50 ਫ਼ੀਸਦੀ ਦੀ ਦਰ ਨਾਲ ਵਿਆਜ ਮਿਲ ਰਿਹਾ ਹੈ। ਇਸ ਨੂੰ ਸਿੰਗਲ ਜਾਂ ਫਿਰ ਜੁਆਇਟ ਦੋਵੇਂ ਤਰੀਕਿਆਂ ਨਾਲ ਖੋਲ੍ਹਿਆ ਜਾ ਸਕਦਾ ਹੈ। ਦੋਵਾਂ 'ਚ ਸਮਾਂ ਸੀਮਾ ਵੱਖ-ਵੱਖ ਹੈ ਜਿਵੇਂ ਕਿ ਸਿੰਗਲ 'ਚ ਜ਼ਿਆਦਾਤਰ ਨਿਵੇਸ਼ 4.5 ਲੱਖ ਹੈ ਤਾਂ ਜੁਆਇਟ ਖ਼ਾਤੇ 'ਚ ਤੁਸੀ 9 ਲੱਖ ਤਕ ਜਮ੍ਹਾਂ ਕਰ ਸਕਦੇ ਹੋ।

ਪਬਲਿਕ ਪ੍ਰਾਵੀਡੈਂਟ ਫੰਡ

ਪੀਪੀਐੱਫ ਅਕਾਊਂਟ ਤਨਖ਼ਾਹ ਕਰਮਚਾਰੀ ਜਾਂ ਵਪਾਰੀ ਵਰਗ ਦੋਵਾਂ ਲਈ ਹੁੰਦਾ ਹੈ। ਇਸ 'ਚ ਇਕ ਵਿੱਤੀ ਸਾਲ 'ਚ ਜ਼ਿਆਦਾਤਰ ਇਕ ਲੱਖ ਰੁਪਏ ਤਕ ਦੇ ਨਿਵੇਸ਼ 'ਤੇ ਕਰ ਛੋਟ ਦਾ ਲਾਭ ਮਿਲਦਾ ਹੈ। ਇਸ ਨੂੰ ਜਾਂ ਤਾਂ ਸਿੰਗਲ ਜਾਂ ਫਿਰ 12 ਕਿਸ਼ਤਾਂ 'ਚ ਜਮ੍ਹਾਂ ਕੀਤਾ ਜਾ ਸਕਦਾ ਹੈ। ਇਹ ਖ਼ਾਤਾ ਨਾਬਾਲਿਗ ਅਤੇ ਬਾਲਿਗ ਦੋਵਾਂ ਦਾ ਹੋ ਸਕਦਾ ਹੈ। ਇਸ ਦਾ ਮਚਿਓਰਿਟੀ ਪੀਰੀਅਡ 15 ਸਾਲ ਹੈ। ਇਸ 'ਚ ਜਮ੍ਹਾਂ 'ਤੇ 7.9 ਫ਼ੀਸਦੀ ਦਾ ਵਿਆਜ ਮਿਲਦਾ ਹੈ।

ਰਾਸ਼ਟਰੀ ਬੱਚਤ ਪੱਤਰ

ਜੇ ਤੁਸੀ ਸੁਰੱਖਿਅਤ ਨਿਵੇਸ਼ ਨਾਲ ਬਿਹਤਰ ਰਿਟਰਨ ਵੀ ਚਾਹੁੰਦੇ ਹੋ ਤਾਂ ਤੁਹਾਨੂੰ ਇਸ ਦੀ ਚੋਣ ਕਰਨੀ ਚਾਹੀਦੀ ਹੈ। ਇਸ ਯੋਜਨਾ ਨੂੰ ਸਰਕਾਰੀ ਕਰਮਚਾਰੀ, ਬਿਜ਼ਨਸਮੈਨ ਅਤੇ ਕਰ ਅਦਾ ਕਰਨ ਵਾਲੇ ਕਰਮਚਾਰੀਆਂ ਦੀ ਜ਼ਰੂਰਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਜਾਰੀ ਕੀਤਾ ਗਿਆ ਹੈ। ਇਸ 'ਚ ਨਿਵੇਸ਼ ਦੀ ਕੋਈ ਸੀਮਾ ਨਹੀ ਹੁੰਦੀ। ਰਾਸ਼ਟਰੀ ਬੱਚਤ ਪੱਤਰ ਦੋ ਤਰ੍ਹਾਂ ਦੇ ਹੁੰਦੇ ਹਨ - ਪਹਿਲਾ ਟਾਈਪ 1 (VIII ਇਸ਼ੂ) ਅਤੇ ਦੂਜਾ ਟਾਈਪ 2 (IX ਇਸ਼ੂ) ਇਸ 'ਤੇ ਟੀਡੀਐੱਸ ਨਹੀ ਕੱਟਦਾ। ਟਰੱਸਟ ਅਤੇ ਐੱਚਯੂਐੱਫ ਇਸ 'ਚ ਨਿਵੇਸ਼ ਨਹੀ ਕਰ ਸਕਦੇ। ਇਸ 'ਚ ਜਮ੍ਹਾਂ 'ਤੇ 7.9 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ।

ਪੰਜ ਸਾਲ ਡਾਕਘਰ ਆਵਰਤੀ ਜਮ੍ਹਾਂ ਯੋਜਨਾ

ਇਹ ਵੀ ਨਿਵੇਸ਼ ਦਾ ਇਕ ਬਿਹਤਰ ਸਾਧਨ ਹੈ। ਇਸ 'ਚ ਤੁਹਾਡਾ ਪੈਸਾ ਪੰਜ ਸਾਲ ਲਈ ਜਮ੍ਹਾਂ ਰਹਿੰਦਾ ਹੈ। ਇਸ ਖ਼ਾਤੇ 'ਚ ਜਮ੍ਹਾਂ 'ਤੇ 7.2 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ ਤੇ ਨਾਲ ਹੀ ਇਸ ਬੱਚਤ ਯੋਜਨਾ 'ਚ ਇਸ ਸਾਲ ਤੋਂ ਬਾਅਦ 50 ਫ਼ੀਸਦੀ ਰਕਮ ਕਢਵਾਉਣ ਦੀ ਵਿਵਸਥਾ ਹੈ। ਹਰ ਮਹੀਨੇ ਇਸ 'ਚ 10 ਰੁਪਏ ਦਾ ਨਿਵੇਸ਼ ਜ਼ਰੂਰੀ ਹੈ।

ਡਾਕਘਰ ਜਮ੍ਹਾਂ ਖ਼ਾਤਾ

ਡਾਕਘਰ ਜਮ੍ਹਾਂ ਖ਼ਾਤਾ ਵੀ ਨਿਵੇਸ਼ ਦਾ ਇਕ ਬਿਹਤਰ ਮਾਧਿਅਮ ਹੈ। ਜਿਸ 'ਚ ਤੁਹਾਨੂੰ 6.8 ਤੋਂ 7.6 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ। ਇਹ ਵਿਆਜ ਦਰ ਤੁਹਾਨੂੰ ਪੰਜ ਸਾਲ ਖ਼ਾਤੇ 'ਤੇ ਮਿਲਦਾ ਹੈ। ਇਹ ਖ਼ਾਤਾ ਵਿਅਕਤੀਗਤ ਤੌਰ 'ਤੇ ਖੋਲ੍ਹਿਆ ਜਾ ਸਕਦਾ ਹੈ। ਇਸ 'ਤੇ ਆਮਦਨ ਨਿਯਮ 80-ਸੀ ਤਹਿਤ ਆਮਦਨ ਤੋਂ ਛੋਟ ਮਿਲਦੀ ਹੈ।

ਨਾਗਰਿਕ ਬੱਚਤ ਖ਼ਾਤਾ

ਇਹ ਬੱਚਤ ਯੋਜਨਾ ਖ਼ਾਸਤੌਰ 'ਤੇ 60 ਸਾਲ ਤੋਂ ਜ਼ਿਆਦਾ ਉਮਰ ਦੇ ਲੋਕਾਂ ਲਈ ਹੈ। ਇਹ 60 ਸਾਲ ਦੀ ਉਮਰ ਪਾਰ ਕਰ ਚੁੱਕੇ ਲੋਕਾਂ ਲਈ ਨਿਵੇਸ਼ ਦਾ ਸ਼ਾਨਦਾਰ ਸਾਧਨ ਹੈ। ਹਾਲਾਂਕਿ 55 ਸਾਲ ਤੋਂ 60 ਸਾਲ ਦੀ ਉਮਰ ਵਿਚਕਾਰ ਰਿਟਾਇਰ ਹੋਣ ਵਾਲੇ ਜਾਂ ਵੀਆਰਐੱਸ ਲੈਣ ਵਾਲੇ ਵਿਅਕਤੀ ਵੀ ਰਿਟਾਇਰਮੈਂਟ ਦੇ ਤਿੰਨ ਮਹੀਨੇ ਪਹਿਲਾਂ ਇਹ ਖ਼ਾਤਾ ਖੋਲ੍ਹ ਸਕਦੇ ਹਨ। ਇਸ ਹਜ਼ਾਰ ਰੁਪਏ ਤੋਂ ਇਹ ਖ਼ਾਤਾ ਖੋਲ੍ਹਿਆ ਜਾ ਸਕਦਾ ਹੈ। ਇਸ 'ਚ ਜ਼ਿਆਦਾਤਰ ਨਿਵੇਸ਼ ਦੀ ਸੀਮਾ 15 ਲੱਖ ਰੁਪਏ ਹੈ। ਇਸ ਖ਼ਾਤੇ ਦਾ ਮਚਿਓਰਿਟੀ ਪੀਰੀਅਡ ਪੰਜ ਸਾਲ ਦਾ ਹੈ। ਇਸ ਖ਼ਾਤੇ ਨੂੰ ਆਪਣੀ ਪਤਨੀ ਨਾਲ ਜੁਆਇਟ ਖ਼ਾਤੇ ਦੇ ਰੂਪ 'ਚ ਵੀ ਖੋਲ੍ਹਿਆ ਜਾ ਸਕਦਾ ਹੈ। ਇਸ 'ਤੇ 8.4 ਫ਼ੀਸਦੀ ਦੀ ਦਰ ਨਾਲ ਵਿਆਜ ਮਿਲਦਾ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਡਾਕਘਰ ਦੀਆਂ ਸਕੀਮਾਂ 'ਚ ਨਿਵੇਸ਼ ਕਰਨ ਤੋਂ ਪਹਿਲਾਂ ਜ਼ਰੂਰ ਧਿਆਨ ਰੱਖੋ। •

ਜਾਇਦਾਦ ਦੇ ਕੰਮਾਂ ਲਈ ਲਾਜ਼ਮੀ ਸਕੀਮਾਂ

ਜਾਣ ਬੇਨਾਮੀ ਜਾਇਦਾਦਾਂ ਬਣਾਉਣ ਅਤੇ ਧੋਖੇ ਨਾਲ ਜ਼ਮੀਨਾਂ 'ਤੇ ਕਬਜ਼ਾ ਕਰਨ ਵਾਲਿਆਂ ਦੀ ਸ਼ਾਮਤ ਆਉਣ ਵਾਲੀ ਹੈ। ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਰਜਿਸਟਰੀਆਂ ਕਰਨ ਲਈ ਇਕ ਨਵਾਂ ਸਾਫਟਵੇਅਰ ਤਿਆਰ ਕਰ ਕੇ ਦਿੱਤਾ ਹੈ। ਜਿਸ ਨਾਲ ਉਨ੍ਹਾਂ ਲੋਕਾਂ ਦੀ ਮੁਸੀਬਤ ਵਧਣ ਜਾ ਰਹੀ ਹੈ, ਜਿਹੜੇ ਬੇਨਾਮੀ ਜਾਇਦਾਦ ਦੀ ਖ਼ਰੀਦੋ-ਫਰੋਖ਼ਤ ਅਤੇ ਧੋਖੇ ਨਾਲ ਜ਼ਮੀਨਾਂ 'ਤੇ ਕਬਜ਼ੇ ਕਰ ਕੇ ਬੈਠੇ ਹਨ। ਇਸ ਨਾਲ ਪੰਜਾਬ 'ਚ ਜਲਦ ਹੀ ਰਜਿਸਟਰੀ ਲਈ ਆਧਾਰ ਕਾਰਡ ਜ਼ਰੂਰੀ ਹੋ ਜਾਵੇਗਾ ਅਤੇ ਇਸ ਦੇ ਬਿਨਾ ਜਾਇਦਾਦ ਤੁਹਾਡੇ ਨਾਂ 'ਤੇ ਨਹੀ ਚੜ੍ਹੇਗੀ।

ਹੋਵੇਗੀ ਸ਼ੁਰੂਆਤ

ਇਸ ਦੀ ਸ਼ੁਰੂਆਤ ਆਦਮਪੁਰ ਅਤੇ ਮੋਗਾ ਤੋਂ ਹੋਣ ਜਾ ਰਹੀ ਹੈ। ਆਧਾਰ ਨੰਬਰ ਨਾਲ ਜਾਇਦਾਦਾਂ ਲਿੰਕ ਹੋਣ 'ਤੇ ਹਰ ਵਿਅਕਤੀ ਦੇ ਨਾਂ 'ਤੇ ਕਿੰਨੀ ਜਾਇਦਾਦ ਹੈ, ਉਸ ਦੀ ਜਾਣਕਾਰੀ ਸਰਕਾਰ ਨੂੰ ਮਿਲੇਗੀ। ਆਧਾਰ ਕਾਰਡ ਪੈਨ ਨੰਬਰ ਨਾਲ ਜੋੜਨਾ ਵੀ ਜ਼ਰੂਰੀ ਕੀਤਾ ਗਿਆ ਹੈ, ਅਜਿਹੇ 'ਚ ਸਰਕਾਰ ਨੂੰ ਇਹ ਵੀ ਪਤਾ ਲੱਗੇਗਾ ਕਿ ਕੌਣ ਕਿੰਨਾ ਟੈਕਸ ਲੁਕਾ ਰਿਹਾ ਹੈ ਅਤੇ ਕਿੱਥੇ ਹੇਰਾਫੇਰੀ ਕੀਤੀ ਜਾ ਰਹੀ ਹੈ।

ਰਾਸ਼ਟਰੀ ਸੂਚਨਾ ਕੇਂਦਰ ਦੇ ਇੰਜੀਨੀਅਰ ਸਾਫਟਵੇਅਰ ਨੂੰ ਫਾਈਨਲ ਟੈਸਟਿੰਗ ਲਈ ਚੈੱਕ ਕਰ ਰਹੇ ਹਨ। ਇਸ ਤੋਂ ਬਾਅਦ ਇਹ ਸਾਫਟਵੇਅਰ ਪੰਜਾਬ ਸਰਕਾਰ ਕੋਲ ਫਾਈਨਲ ਮਨਜ਼ੂਰੀ ਲਈ ਭੇਜਿਆ ਜਾਵੇਗਾ। ਸਾਫਟਵੇਅਰ ਸੂਬੇ ਦੀਆਂ ਦੋ ਤਹਿਸੀਲਾਂ 'ਚ ਲਾਂਚ ਹੋਵੇਗਾ। ਇਸ 'ਚ ਜਲੰਧਰ ਦਾ ਆਦਮਪੁਰ ਤਹਿਸੀਲ ਅਤੇ ਮੋਗਾ ਤਹਿਸੀਲ ਸ਼ਾਮਲ ਹਨ। ਤਿੰਨ ਮਹੀਨਿਆਂ ਤਕ ਸਾਫਟਵੇਅਰ ਨੂੰ ਪਾਇਲਟ ਪ੍ਰਾਜੈਕਟ ਦੇ ਤੌਰ 'ਤੇ ਚਲਾਇਆ ਜਾਵੇਗਾ।

ਇਸ ਤੋਂ ਬਾਅਦ ਪੂਰੇ ਸੂਬੇ ਦੀਆਂ ਤਹਿਸੀਲਾਂ 'ਚ ਇਸ ਨੂੰ ਲਾਂਚ ਕਰ ਦਿੱਤਾ ਜਾਵੇਗਾ। ਐੱਨ.ਆਰ. ਆਈਜ਼ ਨੂੰ ਜਾਇਦਾਦ ਰਜਿਸਟਰੇਸ਼ਨ ਲਈ ਆਧਾਰ ਕਾਰਡ ਤੋਂ ਛੋਟ ਦੇਣ ਦੀ ਗੱਲ ਚੱਲ ਰਹੀ ਹੈ ਪਰ ਅਜੇ ਤਕ ਇਸ 'ਤੇ ਕੋਈ ਫ਼ੈਸਲਾ ਨਹੀ ਹੋਇਆ। ਇਸ ਸਾਫਟਵੇਅਰ ਨਾਲ ਆਧਾਰ ਕਾਰਡ ਜ਼ਰੀਏ ਰਜਿਸਟਰੀ ਕਰਵਾਉਣੀ ਆਸਾਨ ਹੋ ਜਾਵੇਗੀ।

ਬੇਨਾਮੀ ਜਾਇਦਾਦ 'ਤੇ ਸਰਕਾਰ ਦਾ ਇਹ ਵੱਡਾ ਹਮਲਾ ਹੋਵੇਗਾ। ਸਰਕਾਰ ਦਾ ਮੰਨਣਾ ਹੈ ਕਿ ਕਾਲੇ ਧੰਨ ਦੀ ਸਭ ਤੋਂ ਵੱਧ ਵਰਤੋਂ ਜ਼ਮੀਨ ਖ਼ਰੀਦੋ-ਫਰੋਖ਼ਤ 'ਚ ਹੁੰਦੀ ਹੈ। ਸਰਕਾਰ ਕਾਲੇ ਧੰਨ ਲਈ ਕੋਈ ਵੀ ਜਗ੍ਹਾ ਨਹੀ ਛੱਡਣਾ ਚਾਹੁੰਦੀ। ਇਸ ਲਈ ਕੋਈ ਵੀ ਵਿਅਕਤੀ ਇਕ ਦਿਨ 'ਚ 2 ਲੱਖ ਰੁਪਏ ਜਾਂ ਇਸ ਤੋਂ ਵੱਧ ਦਾ ਲੈਣ-ਦੇਣ ਨਕਦ ਨਹੀ ਕਰ ਸਕਦਾ।

ਇਸੇ ਤਰ੍ਹਾਂ ਅਚੱਲ ਜਾਇਦਾਦਾਂ ਦੇ ਟ੍ਰਾਂਸਫਰ ਲਈ ਇਕ ਦਿਨ 'ਚ 20,000 ਰੁਪਏ ਜਾਂ ਇਸ ਤੋਂ ਵੱਧ ਨਕਦ ਲੈਣ-ਦੇਣ ਅਤੇ ਕਾਰੋਬਾਰ ਜਾਂ ਪੇਸ਼ੇਵਰ ਸਬੰਧੀ ਖ਼ਰਚਿਆਂ ਲਈ ਇਕ ਦਿਨ 'ਚ 10,000 ਰੁਪਏ ਤੋਂ ਵੱਧ ਦੇ ਨਕਦ ਭੁਗਤਾਨ 'ਤੇ ਵੀ ਰੋਕ ਲਾਈ ਗਈ ਹੈ। ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਨ 'ਤੇ 100 ਫ਼ੀਸਦੀ ਜੁਰਮਾਨਾ ਲਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਕੇਂਦਰ ਸਰਕਾਰ ਵੱਲੋਂ 2 ਲੱਖ ਰੁਪਏ ਜਾਂ ਇਸ ਤੋਂ ਵੱਧ ਦੇ ਨਕਦ ਲੈਣ-ਦੇਣ 'ਤੇ ਰੋਕ ਲਗਾਈ ਗਈ ਹੈ। •

ਜਦੋਂ ਵੇਚਣਾ ਪਵੇ ਘਰ

ਜੇ ਤੁਸੀਂ ਸਹੀ ਕੀਮਤ 'ਚ ਆਪਣਾ ਘਰ ਵੇਚਣਾ ਚਾਹੁੰਦੇ ਹੋ ਤਾਂ ਇਹ ਤਰੀਕੇ ਤੁਹਾਨੂੰ ਸਹੀ ਕੀਮਤ ਦਿਵਾਉਣ 'ਚ ਤੁਹਾਡੀ ਮਦਦ ਕਰਨਗੇ...

ਤੁਸੀ ਆਪਣਾ ਘਰ ਵੇਚਣਾ ਚਾਹੁੰਦੇ ਹੋ ਅਤੇ ਆਪਣੇ ਘਰ ਦੀ ਸਹੀ ਕੀਮਤ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਇਸ ਲਈ ਕੁਝ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਣਾ ਪਵੇਗਾ। ਜੇ ਇਹ ਉਪਾਅ ਅਪਨਾਉਂਦੇ ਹੋ ਤਾਂ ਤੁਸੀ ਆਪਣਾ ਘਰ ਮਾਰਕਿਟ ਪ੍ਰਾਈਸ ਦੇ ਹਿਸਾਬ ਨਾਲ ਚੰਗੀਆਂ ਕੀਮਤਾਂ 'ਤੇ ਵੇਚ ਸਕਦੇ ਹੋ।

ਵਿਗਿਆਪਨ

ਘਰ ਵੇਚਣ ਲਈ ਤੁਹਾਨੂੰ ਸਭ ਤੋਂ ਪਹਿਲਾਂ ਉਸ ਦਾ ਵਿਗਿਆਪਨ ਦੇਣਾ ਚਾਹੀਦਾ ਹੈ ਤੇ ਨਾਲ ਹੀ ਤੁਹਾਨੂੰ ਸਥਾਨੀ ਸਤ੍ਹਾ 'ਤੇ ਵਿਗਿਆਪਨ ਦੇਣਾ ਚਾਹੀਦਾ ਹੈ ਕਿਉਂਕਿ ਜਿਸ ਇਲਾਕੇ 'ਚ ਤੁਹਾਡੇ ਘਰ ਹੈ,

ਹਰਿਆਣਾ ਵਿਚ 1 ਅਕਤੂਬਰ ਤੋਂ ਹੋਵੇਗੀ ਕਪਾਅ ਦੀ ਖਰੀਦ, ਖਰੀਦ ਪ੍ਰਕ੍ਰਿਆ ਨੂੰ ਲੈ ਕੇ ਹੋਈ ਸਮੀਖਿਆ ਮੀਟਿੰਗ

ਚੰਡੀਗੜ੍ਹ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿਚ ਖਰੀਫ ਮਾਰਕਟਿੰਗ ਸੀਜਨ 2024-25 ਤਹਿਤ ਕਪਾਅ ਦੀ ਖਰੀਦ 1 ਅਕਤੂਬਰ, 2024 ਤੋਂ ਸ਼ੁਰੂ ਹੋਵੇਗੀ। ਭਾਰਤ ਸਰਕਾਰ ਦੇ ਨਿਯਮ ਅਨੁਸਾਰ ਭਾਂਰਤੀ ਕਪਾਅ ਨਿਗਮ ਰਾਹੀਂ ਕਪਾਅ ਦੀ ਖਰੀਦ ਘੱਟੋ ਘੱਟ ਸਹਾਇਕ ਮੁੱਲ (ਐਮਐਸਪੀ) 'ਤੇ ਕੀਤੀ ਜਾਵੇਗੀ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਡਾ. ਰਾਜਾ ਸ਼ੇਖਰ ਵੁੰਡਰੂ ਦੀ ਅਗਵਾਈ ਹੇਠ ਕਪਾਅ ਖਰੀਦ ਦੀ ਤਿਆਰੀਆਂ ਨੂੰ ਲੈ ਕੇ ਸਮੀਖਿਆ ਮੀਟਿੰਗ ਹੋਈ। ਡਾ. ਰਾਜਾ ਸ਼ੇਖਰ ਵੁੰਡਰੂ ਨੇ ਨਿਰਦੇਸ਼ ਦਿੱਤੇ ਕਿ ਭਾਰਤੀ ਕਪਾਅ ਨਿਗਮ ਨੂੰ ਕਪਾਅ ਖਰੀਦ ਪ੍ਰਕ੍ਰਿਆ ਵਿਚ ਹਰ ਸੰਭਵ ਸਹਿਯੋਗ ਪ੍ਰਦਾਨ ਕੀਤਾ ਜਾਵੇ। ਭਾਰਤੀ ਕਪਾਅ ਨਿਗਮ ਅਤੇ ਹਰਿਆਣਾ ਸਰਕਾਰ ਵੱਲੋਂ ਖਰੀਦ ਲਈ ਸਾਰੀ ਤਰ੍ਹਾਂ ਦੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ, ਜਿਸ ਨਾਲ ਕਿਸਾਨਾਂ ਦੀ ਫਸਲ ਖਰੀਦ ਵਿਚ ਕਿਸੇ ਤਰ੍ਹਾ ਦੀ ਮੁਸ਼ਕਲ ਨਹੀਂ ਆਵੇਗੀ।

ਕਪਾਅ ਖਰੀਦ ਲਈ ਖੋਲੇ ਗਈਆਂ 20 ਮੰਡੀਆਂ/ਖਰੀਦ ਕੇਂਦਰ

ਮੀਟਿੰਗ ਵਿਚ ਦਸਿਆ ਗਿਆ ਕਿ ਹਰਿਆਣਾ ਵਿਚ ਕਪਾਅ ਦੀ 2 ਕਿਸਮਾਂ ਨਾਂਅ: ਮੀਡੀਅਮ ਲੋਂਗ ਸਟੇਪਲ 26.5-27.0 ਅਤੇ ਲੋਂਗ ਸਟੇਪਲ 27.5-28.5, ਜਿਨ੍ਹਾਂ ਦੀ ਖਰੀਦ ਕੀਤੀ ਜਾਣੀ ਹੈ। ਕਪਾਅ ਖਰੀਦ ਲਈ ਪੂਰੇ ਸੂਬੇ ਵਿਚ 20 ਮੰਡੀਆਂ/ਖਰੀਦ ਕੇਂਦਰ ਬਣਾਏ ਗਏ ਹਨ। ਜਿਲ੍ਹਾ ਭਿਵਾਨੀ ਵਿਚ ਸਿਖਾਨੀ, ਡਿਗਾਵਾ ਤੇ ਭਿਵਾਨੀ, ਜਿਲ੍ਹਾ ਚਰਖੀ ਦਾਦਰੀ ਵਿਚ ਚਰਖੀ ਦਾਦਰੀ, ਜਿਲ੍ਹਾ ਫਤਿਹਾਬਾਦ ਵਿਚ ਭਾਟੂ, ਭੁਨਾ ਤੇ ਫਤਿਹਾਬਾਦ, ਜਿਲ੍ਹਾ ਹਿਸਾਰ ਵਿਚ ਆਦਮਪੁਰ, ਬਰਵਾਲਾ, ਹਾਂਸੀ, ਹਿਸਾਰ ਤੇ ਉਕਲਾਨਾ, ਜਿਲ੍ਹਾ ਜੀਂਦ ਵਿਚ ਉਚਾਨਾ, ਜਿਲ੍ਹਾ ਕੈਥਲ ਵਿਚ ਕਲਾਇਤ, ਜਿਲ੍ਹਾ ਮਹੇਂਦਰਗੜ੍ਹ ਵਿਚ ਨਾਰਨੌਲ, ਜਿਲ੍ਹਾ ਰੋਹਤਕ ਵਿਚ ਮਹਿਮ ਅਤੇ ਜਿਲ੍ਹਾ ਸਿਰਸਾ ਵਿਚ ਏਲਨਾਬਾਦ, ਕਾਲਾਂਵਾਲੀ ਤੇ ਸਿਰਸਾ ਵਿਚ ਖਰੀਦ ਕੇਂਦਰ ਖੋਲੇ ਗਏ ਹਨ।

ਹੋਰ ਫਸਲਾਂ ਲਈ ਵੀ ਨਾਮਜਦ ਕੀਤੀ ਗਈ ਖਰੀਦ ਏਜੰਸੀਆਂ

ਅੱਜ ਦੀ ਮੀਟਿੰਗ ਵਿਚ ਹਰਿਆਣਾ ਸਰਕਾਰ ਵੱਲੋਂ ਕੀਤੇ ਗਏ ਸਾਰੀ ਫਸਲਾਂ ਦੀ ਖਰੀਦ ਐਮਐਸਪੀ 'ਤੇ ਕਰਨ ਦੇ ਫੈਸਲੇ ਅਨੁਸਾਰ ਹੋਰ ਫਸਲਾਂ ਦੀ ਖਰੀਦ ਲਈ ਵੀ ਏਜੰਸੀਆਂ ਨਾਮਜਦ ਕੀਤੀਆਂ ਗਈਆਂ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਸੋਇਆਬੀਨ, ਮੱਕੀ ਅਤੇ ਜਵਾਰ ਦੀ ਸੌ-ਫੀਸਦੀ ਖਰੀਦ ਹੈਫੇਡ ਵੱਲੋਂ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਹੋਰ ਫਸਲਾਂ ਦੀ ਖਰੀਦ ਹੈਫੇਡ ਤੇ ਹੋਰ ਖਰੀਦ ਏਜੰਸੀਆਂ ਰਾਹੀਂ 60:40 ਦੇ ਅਨੁਪਤਾ ਵਿਚ ਕੀਤੀ ਜਾਵੇਗੀ।

ਮੀਟਿੰਗ ਵਿਚ ਖੇਤੀਬਾੜੀ ਵਿਭਾਗ ਦੇ ਨਿਦੇਸ਼ਕ ਰਾਜਨਰਾਇਣ ਕੌਸ਼ਿਕ, ਪੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਨਿਦੇਸ਼ਕ ਮੁਕੁਲ ਕੁਮਾਰ ਸਮੇਤ ਹੋਰ ਅਧਿਕਾਰੀ ਮੌਜੂਦ ਰਹੇ। ਭਾਰਤੀ ਕਪਾਅ ਨਿਗਮ ਦੇ ਅਧਿਕਾਰੀਆਂ ਨੇ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਮੀਟਿੰਗ ਵਿਚ ਹਿੱਸਾ ਲਿਆ।

ਜਿਹੜੇ ਪ੍ਰੋਜੈਕਟ ਪਾਸ ਹੋ ਚੁੱਕੇ ਹਨ ਉਹਨਾਂ ਨੂੰ ਜਲਦ ਤੋਂ ਜਲਦ ਚਾਲੂ ਕਰਵਾਇਆ ਜਾਵੇ - ਕੈਬਨਿਟ ਮੰਤਰੀ

ਚੰਡੀਗੜ੍ਹ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਵਿਭਾਗਾਂ ਦੇ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਨੇ ਅੱਜ ਮੋਗਾ ਵਿਖੇ ਵਿਕਾਸ ਕਾਰਜਾਂ ਅਤੇ ਲੋਕ ਭਲਾਈ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਸਮੂਹ ਜ਼ਿਲ੍ਹਾ ਮੁਖੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਹਦਾਇਤਾਂ ਜਾਰੀ ਕੀਤੀਆਂ। ਮੀਟਿੰਗ ਦੌਰਾਨ ਜਿੱਥੇ ਉਹਨਾਂ ਨੇ ਵਧੀਆ ਕੰਮ ਕਰਨ ਵਾਲੇ ਚਾਰ ਅਧਿਕਾਰੀਆਂ ਨੂੰ ਮੌਕੇ ਉੱਤੇ ਪ੍ਰਸ਼ੰਸਾ ਪੱਤਰ ਦਿੱਤੇ ਉਥੇ ਹੀ ਕੰਮ ਕਰਵਾਉਣ ਬਦਲੇ ਕਥਿਤ ਤੌਰ ਉੱਤੇ ਪੈਸੇ ਦੀ ਮੰਗ ਕਰਨ ਵਾਲੇ ਪੀ ਐਸ ਪੀ ਸੀ ਐਲ ਦੇ ਜੇ ਈ (ਸਬ ਡਵੀਜ਼ਨ ਬਿਲਾਸਪੁਰ) ਨੂੰ ਮੌਕੇ ਉੱਤੇ ਸਸਪੈਂਡ ਵੀ ਕਰ ਦਿੱਤਾ। ਇਸ ਤੋਂ ਇਲਾਵਾ ਪੀ ਐਸ ਪੀ ਸੀ ਐਲ ਨਾਲ ਕੰਮ ਕਰਨ ਵਾਲੀ ਇਕ ਕੰਪਨੀ ਦੇ ਮੁਲਾਜ਼ਮ ਨੂੰ ਮੌਕੇ ਉੱਤੇ ਕੁਰੱਪਸ਼ਨ ਦੇ ਦੋਸ਼ ਕਾਰਨ ਨੌਕਰੀ ਤੋਂ ਬਰਖ਼ਾਸਤ ਵੀ ਕੀਤਾ ਗਿਆ। ਇਸੇ ਤਰ੍ਹਾਂ ਵਧੀਆ ਕੰਮ ਨਾ ਕਰਨ ਵਾਲੇ ਕੁਝ ਅਧਿਕਾਰੀਆਂ ਨੂੰ ਤੁਰੰਤ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤੇ ਗਏ।ਦੱਸਣਯੋਗ ਹੈ ਕਿ ਅੱਜ ਮੀਟਿੰਗ ਦੌਰਾਨ ਪਿੰਡ ਬਿਲਾਸਪੁਰ ਤੋਂ ਇਕ ਪਿੰਡ ਵਾਸੀ ਨੇ ਦੋਸ਼ ਲਗਾਇਆ ਕਿ ਬਿਜਲੀ ਦਾ ਖੰਬਾ ਲਗਾਉਣ ਲਈ ਉਕਤ ਜੇ ਈ ਨੇ ਨਿੱਜੀ ਕੰਪਨੀ ਦੇ ਮੁਲਾਜ਼ਮ ਰਾਹੀਂ 30 ਹਜ਼ਾਰ ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ। ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਨੇ ਇਸ ਨੂੰ ਬਹੁਤ ਹੀ ਗੰਭੀਰਤਾ ਨਾਲ ਲੈਂਦਿਆਂ ਮੌਕੇ ਉੱਤੇ ਹੀ ਜੇ ਈ ਨੂੰ ਸਸਪੈਂਡ ਕਰਨ ਦੇਣ ਨਾਲ ਨਿੱਜੀ ਕੰਪਨੀ ਦੇ ਮੁਲਾਜ਼ਮ ਨੂੰ ਮੌਕੇ ਉੱਤੇ ਨੌਕਰੀ ਤੋਂ ਬਰਖ਼ਾਸਤ ਕਰਨ ਦਾ ਹੁਕਮ ਜਾਰੀ ਕਰ ਦਿੱਤਾ।

ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਅਤੇ ਅਨੁਸਾਸ਼ਨ ਦੀ ਵਿਵਸਥਾ ਨੂੰ ਬਣਾਈ ਰੱਖਣ ਲਈ ਉਹਨਾਂ ਨੇ ਡਿਪਟੀ ਕਮਿਸ਼ਨਰ ਸ਼੍ਰੀ ਵਿਸ਼ੇਸ਼ ਸਾਰੰਗਲ ਨੂੰ ਕਿਹਾ ਕਿ ਉਹ ਸਾਰੇ ਐੱਸ ਡੀ ਐੱਮਜ਼, ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਹੋਰ ਸੀਨੀਅਰ ਅਧਿਕਾਰੀਆਂ ਰਾਹੀਂ ਸਾਰੇ ਸਕੂਲਾਂ ਦੀ ਅਚਨਚੇਤ ਚੈਕਿੰਗ ਜ਼ਰੂਰ ਕਰਵਾਉਣ। ਜਿੱਥੇ ਵੀ ਕੋਈ ਕਮੀ ਪੇਸ਼ੀ ਸਾਹਮਣੇ ਆਉਂਦੀ ਹੈ ਤਾਂ ਬਣਦੀ ਕਾਰਵਾਈ ਕੀਤੀ ਜਾਵੇ।

ਮੀਟਿੰਗ ਦੌਰਾਨ ਸ੍ਰ ਹਰਭਜਨ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਿਹੜੇ ਪ੍ਰੋਜੈਕਟ ਪਾਸ ਹੋ ਚੁੱਕੇ ਹਨ ਉਹਨਾਂ ਨੂੰ ਜਲਦ ਤੋਂ ਜਲਦ ਚਾਲੂ ਕਰਵਾਇਆ ਜਾਵੇ। ਵੱਧ ਤੋਂ ਵੱਧ ਯੋਗ ਵਿਅਕਤੀਆਂ ਦੇ ਲੇਬਰ ਕਾਰਡ ਬਣਾਏ ਜਾਣ। ਪਟਵਾਰੀਆਂ ਦੀ ਰੈਸ਼ਨਲਾਈਜ਼ੇਸ਼ਨ ਕੀਤੀ ਜਾਵੇ। ਕਿਸੇ ਵੀ ਨੀਂਹ ਪੱਥਰ, ਉਦਘਾਟਨ ਅਤੇ ਲੋਕ ਭਲਾਈ ਕਾਰਜਾਂ ਵਿੱਚ ਚੁਣੇ ਹੋਏ ਨੁਮਾਇੰਦਿਆਂ ਨੂੰ ਭਰੋਸੇ ਵਿੱਚ ਜ਼ਰੂਰ ਲਿਆ ਜਾਵੇ। ਉਹਨਾਂ ਕਿਹਾ ਕਿ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਸਿਰਤੋੜ ਯਤਨ ਕਰ ਰਹੀ ਹੈ, ਇਹ ਯਤਨ ਚੁਣੇ ਹੋਏ ਲੋਕ ਨੁਮਾਇੰਦਿਆਂ ਦੀ ਭਾਗੀਦਾਰੀ ਤੋਂ ਬਿਨਾ ਸਫਲ ਹੋਣੇ ਸੰਭਵ ਨਹੀਂ ਹਨ। ਉਹਨਾਂ ਕਿਹਾ ਕਿ ਵਿਕਾਸ ਕਾਰਜਾਂ ਨੂੰ ਤੈਅ ਸਮਾਂ ਸੀਮਾ ਵਿੱਚ ਮੁਕੰਮਲ ਕਰਨਾ ਲਾਜ਼ਮੀ ਹੈ।

ਉਹਨਾਂ ਹਦਾਇਤ ਕੀਤੀ ਕਿ ਸਾਰੇ ਸਕੂਲਾਂ, ਹਸਪਤਾਲਾਂ ਅਤੇ ਆਯੂਸ਼ ਹਸਪਤਾਲ ਦੀ ਇਮਾਰਤ ਨੂੰ ਸੋਲਰ ਊਰਜਾ ਨਾਲ ਜੋੜਿਆ ਜਾਵੇ। ਆਪ ਦੀ ਸਰਕਾਰ ਆਪ ਦੇ ਦੁਆਰ ਮੁਹਿਮ ਤਹਿਤ ਜਾਰੀ ਕੈਂਪਾਂ ਦਾ ਵੱਧ ਤੋਂ ਵੱਧ ਲੋਕਾਂ ਨੂੰ ਲਾਭ ਦਿੱਤਾ ਜਾਵੇ। ਉਹਨਾਂ ਪੰਜਾਬ ਰੋਡਵੇਜ਼ ਦੇ ਜਨਰਲ ਮੈਨੇਜਰ ਨੂੰ ਕਿਹਾ ਕਿ ਲੋੜ ਮੁਤਾਬਿਕ ਸਰਕਾਰੀ ਬੱਸ ਸੇਵਾ ਪਹਿਲ ਦੇ ਅਧਾਰ ਉੱਤੇ ਚਾਲੂ ਕਰਵਾਈ ਜਾਵੇ।

ਇਸ ਮੌਕੇ ਸ਼੍ਰੀਮਤੀ ਅਮਨਦੀਪ ਕੌਰ ਅਰੋੜਾ ਵਿਧਾਇਕਾ ਮੋਗਾ, ਸ੍ਰ ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਨਿਹਾਲ ਸਿੰਘ ਵਾਲਾ, ਸ੍ਰ ਅੰਮ੍ਰਿਤਪਾਲ ਸਿੰਘ ਸੁਖਾਨੰਦ ਵਿਧਾਇਕ ਬਾਘਾਪੁਰਾਣਾ, ਸ੍ਰ ਦਵਿੰਦਰਜੀਤ ਸਿੰਘ ਲਾਡੀ ਢੋਂਸ ਵਿਧਾਇਕ ਧਰਮਕੋਟ, ਡਿਪਟੀ ਕਮਿਸ਼ਨਰ ਸ਼੍ਰੀ ਵਿਸ਼ੇਸ਼ ਸਾਰੰਗਲ, ਜ਼ਿਲ੍ਹਾ ਪੁਲਿਸ ਮੁਖੀ ਡਾਕਟਰ ਅੰਕੁਰ ਗੁਪਤਾ, ਸ੍ਰ ਜਗਵਿੰਦਰਜੀਤ ਸਿੰਘ ਗਰੇਵਾਲ ਅਤੇ ਸ਼੍ਰੀਮਤੀ ਚਾਰੂਮਿਤਾ ਦੋਵੇਂ ਵਧੀਕ ਡਿਪਟੀ ਕਮਿਸ਼ਨਰ, ਸ੍ਰ ਹਰਮਨਦੀਪ ਸਿੰਘ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਸ਼੍ਰੀ ਦੀਪਕ ਅਰੋੜਾ ਚੇਅਰਮੈਨ ਨਗਰ ਸੁਧਾਰ ਟਰੱਸਟ ਮੋਗਾ, ਸ੍ਰ ਬਲਜੀਤ ਸਿੰਘ ਚਾਨੀ ਮੇਅਰ ਨਗਰ ਨਿਗਮ ਅਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਸਰਕਾਰੀ ਕਾਲਜ ਰੋਪੜ ਵਿਖੇ ਰਾਸ਼ਟਰੀ ਖਗੋਲ ਦਿਵਸ ਮਨਾਇਆ

ਰੂਪਨਗਰ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀਆਂ ਹਦਾਇਤਾਂ ਅਤੇ ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ ਦੀ ਸਰਪ੍ਰਸਤੀ ਚੇਅਰਪਰਸੋਨ ਸਰ.ਸੀ.ਵੀ.ਰਮਨ ਸਾਇੰਸ ਸੁਸਾਇਟੀ ਅਤੇ ਆਈ.ਕਿਊ.ਏ.ਸੀ. ਵਿਭਾਗ ਡਾ. ਦਲਵਿੰਦਰ ਸਿੰਘ ਦੀ ਅਗਵਾਈ ਹੇਠ ਸਰਕਾਰੀ ਕਾਲਜ ਰੋਪੜ ਵਿਖੇ ਰਾਸ਼ਟਰੀ ਖਗੋਲ ਦਿਵਸ ਮਨਾਇਆ ਗਿਆ।

ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ ਨੇ ਪਹਿਲੇ ਰਾਸ਼ਟਰੀ ਖਗੋਲ ਦਿਵਸ ਤੇ ਚਾਨਣਾ ਪਾਇਆ ਅਤੇ ਵਿਦਿਆਰਥੀਆਂ ਨੂੰ ਵਿਗਿਆਨ ਦੀ ਸਹਾਇਤਾ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵਰਤਮਾਨ ਵਿਗਿਆਨਕ ਪ੍ਰਾਪਤੀਆਂ ਦੀ ਜਾਣਕਾਰੀ ਪ੍ਰਾਪਤ ਕਰਨ ਦੇ ਨਾਲ-ਨਾਲ ਅੰਧ ਵਿਸ਼ਵਾਸ ਤੋਂ ਦੂਰ ਰਹਿਣ ਲਈ ਖੁਦ ਵਿਗਿਆਨਕ ਪ੍ਰਯੋਗ ਕਰਨ ਲਈ ਵੀ ਪ੍ਰੇਰਿਤ ਕੀਤਾ।

ਡਾ. ਦਲਵਿੰਦਰ ਸਿੰਘ ਨੇ ਰਾਸ਼ਟਰੀ ਖਗੋਲ ਦਿਵਸ ਮੌਕੇ ਕਰਵਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਸਬੰਧੀ ਜਾਣਕਾਰੀ ਦਿੱਤੀ ਅਤੇ ਜੀ ਆਇਆਂ ਕਿਹਾ।

ਪ੍ਰੋ. ਅਜੇ ਕੁਮਾਰ ਨੇ ਰਾਸ਼ਟਰੀ ਖਗੋਲ ਦਿਵਸ ਦੇ ਥੀਮ 'ਚਾਂਦ ਨੂੰ ਛੂਹੰਦੇ ਹੋਏ ਜੀਵਨ ਨੂੰ ਛੂਹਨਾ- ਭਾਰਤ ਦੀ ਖਗੋਲ ਗਾਥਾ' ਸਬੰਧੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ।

ਇਸ ਮੌਕੇ ਵਿਦਿਆਰਥੀਆਂ ਦੇ ਪੀ.ਪੀ.ਟੀ ਮੁਕਾਬਲੇ ਵੀ ਕਰਵਾਏ ਗਏ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਪ੍ਰੋ. ਰਾਜਬੀਰ ਕੌਰ, ਪ੍ਰੋ. ਜਗਜੀਤ ਸਿੰਘ, ਪ੍ਰੋ. ਪੂਜਾ ਵਰਮਾ, ਪ੍ਰੋ. ਬੁਸ਼ਰਾ ਖਾਨਮ, ਪ੍ਰੋ. ਕੀਰਤੀ ਭਾਗੀਰਥ, ਪ੍ਰੋ. ਸੁਰਿੰਦਰ ਸਿੰਘ, ਪ੍ਰੋ. ਪ੍ਰਭਜੋਤ ਵਰਮੀ ਨੇ ਅਹਿਮ ਸਹਿਯੋਗ ਦਿੱਤਾ। ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਪ੍ਰੋ. ਕੁਲਵਿੰਦਰ ਕੌਰ ਨੇ ਕੀਤਾ।ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਸੁਖਜਿੰਦਰ ਕੌਰ, ਕੌਂਸਲ ਮੈਂਬਰ ਪ੍ਰੋ. ਮੀਨਾ ਕੁਮਾਰੀ, ਪ੍ਰੋ. ਅਰਵਿੰਦਰ ਕੌਰ, ਡਾ. ਨਿਰਮਲ ਸਿੰਘ ਬਰਾੜ ਹਾਜ਼ਰ ਸਨ।

ਹਰ ਸ਼ੁੱਕਰਵਾਰ, ਡੇਂਗੂ ਤੇ ਵਾਰ ਮੁਹਿੰਮ ਤਹਿਤ ਸਿਹਤ ਵਿਭਾਗ ਵੱਲੋਂ ਜਿਲ੍ਹੇ ਦੇ ਬੱਸ ਸਟੈਂਡਾ ਤੇ ਰੇਲਵੇ ਸਟੇਸ਼ਨਾਂ ਤੇ ਚਲਾਈ ਗਈ ਜਾਗਰੂਕਤਾ ਮੁਹਿੰਮ

ਰੂਪਨਗਰ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਿਵਲ ਸਰਜਨ ਰੂਪਨਗਰ ਡਾ. ਤਰਸੇਮ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਿਹਤ ਵਿਭਾਗ ਰੂਪਨਗਰ ਵੱਲੋਂ ਅੱਜ ਸਮੁੱਚੇ ਜਿਲ੍ਹੇ ਵਿੱਚ ਹਰ ਸ਼ੁੱਕਰਵਾਰ, ਡੇਂਗੂ ਤੇ ਵਾਰ ਮੁਹਿੰਮ ਅਧੀਨ ਬੱਸ ਸਟੈਂਡਾ ਅਤੇ ਰੇਲਵੇ ਸਟੇਸ਼ਨਾਂ ਤੇ ਜਾਗਰੂਕਤਾ ਮੁਹਿੰਮ ਚਲਾਈ ਗਈ।

ਜ਼ਿਲ੍ਹਾ ਐਪੀਡਮੋਲੋਜਿਸਟ ਡਾ. ਸੋਨਾਲੀ ਵੋਹਰਾ ਵੱਲੋਂ ਖੁਦ ਇਸ ਮੁਹਿੰਮ ਦੀ ਅਗਵਾਈ ਕਰਦਿਆਂ ਨਵਾਂ ਬੱਸ ਅੱਡਾ ਰੂਪਨਗਰ ਤੇ ਬਣੀਆਂ ਦੁਕਾਨਾਂ ਕੰਟੀਨਾਂ ਅਤੇ ਖਾਲੀ ਪਏ ਪਲਾਟਾਂ ਤੋਂ ਇਲਾਵਾ ਰੇਲਵੇ ਸਟੇਸ਼ਨ ਰੂਪਨਗਰ ਅਤੇ ਪੰਜਾਬ ਰੋਡਵੇਜ਼ ਦੀ ਵਰਕਸ਼ਾਪ, ਜੇਲ੍ਹ ਦਾ ਰਿਹਾਇਸ਼ੀ ਇਲਾਕੇ ਵਿਖੇ ਡੇਂਗੂ ਦੇ ਲਾਰਵੇ ਦੀ ਜਾਂਚ ਕਰ ਰਹੀਆਂ ਟੀਮਾ ਦਾ ਜਾਇਜਾ ਲਿਆ ਗਿਆ ਅਤੇ ਲੋਕਾਂ ਨੂੰ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਹਿੱਤ ਜਾਗਰੂਕ ਕਰਨ ਲਈ ਸਿਹਤ ਸਿੱਖਿਆ ਦਿੱਤੀ ਗਈ।

ਇਸ ਤੋਂ ਇਲਾਵਾ ਉਹਨਾਂ ਦੀ ਟੀਮ ਵੱਲੋਂ ਰੇਲਵੇ ਸਟੇਸ਼ਨ ਰੂਪਨਗਰ ਵਿਖੇ ਡੇਂਗੂ ਜਾਗਰੂਕਤਾ ਹਿੱਤ ਸਰਵੇ ਕੀਤਾ ਗਿਆ।

ਇਸ ਮੌਕੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ: ਤਰਸੇਮ ਸਿੰਘ ਨੇ ਦੱਸਿਆ ਕਿ ਲੋਕਾਂ ਨੂੰ ਵੈਕਟਰ ਬੋਰਨ ਬੀਮਾਰੀਆਂ ਤੋਂ ਬਚਾਉਣ ਲਈ ਸਿਹਤ ਵਿਭਾਗ ਪੂਰੀ ਤਰਾਂ ਤਤਪਰ ਹੈ ਅਤੇ ਇਸੇ ਲੜੀ ਤਹਿਤ ਹੀ ਅੱਜ ਸਿਹਤ ਵਿਭਾਗ ਦੇ ਅਮਲੇ ਵੱਲੋਂ ਪੂਰੇ ਜਿਲ੍ਹੇ ਦੇ ਬੱਸ ਅੱਡਿਆ ਅਤੇ ਰੇਲਵੇ ਸਟੇਸ਼ਨਾਂ ਵਿਖੇ ਡੇਂਗੂ ਲਾਰਵੇ ਦੀ ਜਾਂਚ ਹਿੱਤ ਸਰਵੇ ਕੀਤਾ ਜਾ ਰਿਹਾ ਹੈ, ਲੋਕਾਂ ਨੂੰ ਸਿਹਤ ਸਿੱਖਿਆ ਦਿੱਤੀ ਜਾ ਰਹੀ ਹੈ ਅਤੇ ਜਰੂਰਤ ਮੁਤਾਬਿਕ ਲਾਰਵੀਸਾਇਡ ਸਪਰੇਅ ਦਾ ਛਿੜਕਾਅ ਵੀ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਦੱਸਿਆ ਕਿ ਬਾਰਿਸ਼ ਦੇ ਸੀਜਨ ਦੇ ਮੱਦੇਨਜਰ ਬੀਮਾਰੀਆਂ ਤੋਂ ਬਚਾਅ ਲਈ ਜਿਆਦਾ ਸਾਵਧਾਨੀਆਂ ਵਰਤਣ ਦੀ ਜਰੂਰਤ ਹੈ, ਕਿਉਂ ਜੋ ਬਾਰਿਸ਼ ਉਪਰੰਤ ਪਾਣੀ ਦੀ ਖੜੋਤ ਜਿਆਦਾ ਹੋਣ ਕਾਰਣ ਡੇਂਗੂ ਮਲੇਰੀਆ ਦੇ ਲਾਰਵਾ ਦੇ ਪੈਦਾ ਹੋਣ ਦੇ ਖਦਸ਼ਾ ਵੱਧ ਜਾਂਦਾ ਹੈ। ਇਸ ਲਈ ਆਪਣੇ ਆਸ-ਪਾਸ ਕਿਤੇ ਵੀ ਪਾਣੀ ਖੜ੍ਹਾ ਨਾਂ ਹੋਣ ਦਿੱਤਾ ਜਾਵੇ, ਮੱਛਰਦਾਨੀਆਂ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦਾ ਇਸਤੇਮਾਲ ਕੀਤਾ ਜਾਵੇ, ਪੂਰੀਆਂ ਬਾਹਾਂ ਦੇ ਕੱਪੜੇ ਪਾਏ ਜਾਣ, ਕੂਲਰਾਂ ਆਦਿ ਦੀ ਹਫਤਾਵਾਰ ਸਾਫ-ਸਫਾਈ ਕੀਤੀ ਜਾਵੇ ਅਤੇ ਟੂੱਟੇ-ਭੱਜੇ ਬਰਤਨਾਂ, ਟਾਇਰਾਂ,ਫਰਿਜਾਂ ਦੀਆਂ ਟਰੇਆਂ ਅਤੇ ਗਮਲਿਆਂ ਆਦਿ ਵਿੱਚ ਪਾਣੀ ਜਮ੍ਹਾਂ ਨਾ ਹੋਣ ਦਿੱਤਾ ਜਾਵੇ।ਇਸ ਮੌਕੇ ਸਿਹਤ ਵਿਭਾਗ ਦੀਆਂ ਟੀਮਾਂ ਦੇ ਕਰਮਚਾਰੀ ਜਸਵੰਤ ਸਿੰਘ, ਹਰਦੀਪ ਸਿੰਘ, ਰਜਿੰਦਰ ਸਿੰਘ, ਤੇਜਿੰਦਰ ਸਿੰਘ,

ਖੰਨਾ ਮੰਦਰ ਮਾਮਲਾ: ਮੰਦਰ ਕਮੇਟੀ ਅਤੇ ਹਿੰਦੂ ਸੰਗਠਨਾਂ ਦੇ ਨੁਮਾਇੰਦਿਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਕੀਤੀ ਮੁਲਾਕਾਤ, ਕੀਤਾ ਧੰਨਵਾਦ

➢ ਮਾਮਲਾ ਜਲਦੀ ਹੱਲ ਹੋਣ ਨਾਲ ਹਿੰਦੂ ਭਾਈਚਾਰੇ ਦਾ ਪੰਜਾਬ ਸਰਕਾਰ ਪ੍ਰਤੀ ਭਰੋਸਾ ਵਧਿਆ ਹੈ : ਦੀਪਕ ਬਾਲੀ

➢ਮਾਨ ਸਰਕਾਰ ਨੇ ਜਿਸ ਵਚਨਬੱਧਤਾ ਨਾਲ ਮਾਮਲਾ ਜਲਦੀ ਹੱਲ ਕੀਤਾ ਉਹ ਸ਼ਲਾਘਾਯੋਗ ਹੈ: ਨੀਲ ਗਰਗ

ਚੰਡੀਗੜ੍ਹ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਲੁਧਿਆਣਾ ਜ਼ਿਲ੍ਹੇ ਦੇ ਖੰਨਾ ਵਿੱਚ ਸ਼ਿਵਲਿੰਗ ਦੀ ਬੇਅਦਬੀ ਮਾਮਲੇ ਨੂੰ ਪੰਜਾਬ ਪੁਲਿਸ ਵੱਲੋਂ ਜਲਦੀ ਸੁਲਝਾਉਣ ਅਤੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਮੰਦਰ ਕਮੇਟੀ ਅਤੇ ਕਈ ਹਿੰਦੂ ਸੰਗਠਨਾਂ ਦੇ ਨੁਮਾਇੰਦਿਆਂ ਨੇ ਚੰਡੀਗੜ੍ਹ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲੇ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ।

ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਤੋਂ ਬਾਅਦ ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਦੀਪਕ ਬਾਲੀ ਨੇ ਕਿਹਾ ਕਿ ਇਸ ਮਾਮਲੇ ਦੇ ਜਲਦੀ ਹੱਲ ਹੋਣ ਨਾਲ ਸਮੁੱਚੇ ਹਿੰਦੂ ਭਾਈਚਾਰੇ ਦਾ ਪੰਜਾਬ ਸਰਕਾਰ ਪ੍ਰਤੀ ਭਰੋਸਾ ਵਧਿਆ ਹੈ। ਸਮੁੱਚਾ ਹਿੰਦੂ ਭਾਈਚਾਰਾ ਇਸ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਸ਼ਲਾਘਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਇਹ ਮਾਮਲਾ ਹਿੰਦੂ ਸਮਾਜ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ

ਸੀ, ਪਰ ਇਸ ਘਟਨਾ ਤੋਂ ਬਾਅਦ ਪੰਜਾਬ ਦੇ ਸਾਰੇ ਧਰਮਾਂ ਦੇ ਲੋਕਾਂ ਵਿੱਚ ਭਾਰੀ ਰੋਸ ਹੈ। ਪਰ ਪੰਜਾਬ ਪੁਲਿਸ ਨੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ 'ਤੇ ਇਮਾਨਦਾਰੀ ਨਾਲ ਕੰਮ ਕੀਤਾ ਅਤੇ ਲੋਕਾਂ ਨੂੰ ਇਨਸਾਫ਼ ਦਿਵਾਇਆ।

'ਆਪ' ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਮਾਨ ਸਰਕਾਰ ਨੇ ਜਿਸ ਵਚਨਬੱਧਤਾ ਨਾਲ ਇਸ ਕੇਸ ਨੂੰ ਸੁਲਝਾਇਆ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਉਹ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਮੰਦਰ ਕਮੇਟੀ ਅਤੇ ਸੰਸਥਾ ਦੇ ਲੋਕਾਂ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤਾਂ 'ਚ ਲੋਕਾਂ ਦਾ ਸਬਰ ਟੁੱਟ ਜਾਂਦਾ ਹੈ ਅਤੇ ਕੋਈ ਅਣਸੁਖਾਵੀਂ ਘਟਨਾ ਵਾਪਰ ਜਾਂਦੀ ਹੈ, ਪਰ ਇਸ ਘਟਨਾ ਤੋਂ ਬਾਅਦ ਸਥਾਨਕ ਲੋਕਾਂ, ਮੰਦਿਰ ਕਮੇਟੀ ਅਤੇ ਹਿੰਦੂ ਸੰਗਠਨਾਂ ਨੇ ਪ੍ਰਸ਼ਾਸਨ ਅਤੇ ਸਰਕਾਰ 'ਤੇ ਭਰੋਸਾ ਕਾਇਮ ਰੱਖਿਆ ਅਤੇ ਉਨ੍ਹਾਂ ਨੂੰ ਸਹਿਯੋਗ ਦਿੱਤਾ, ਇਸ ਲਈ ਉਹ ਧੰਨਵਾਦ ਦੇ ਹੱਕਦਾਰ ਹਨ।

ਨੀਲ ਗਰਗ ਨੇ ਦੱਸਿਆ ਕਿ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਧਰਮ ਨਿਰਪੱਖਤਾ ਦੀ ਪੂਰੀ ਭਾਵਨਾ ਨਾਲ ਸਰਕਾਰ ਚਲਾ ਰਹੇ ਹਾਂ। ਸਾਡੇ ਲਈ ਹਿੰਦੂ-ਮੁਸਲਿਮ, ਸਿੱਖ-ਈਸਾਈ ਸਭ ਬਰਾਬਰ ਹਨ। ਪੰਜਾਬ ਵਿੱਚ ਨਫਰਤ ਦੀ ਰਾਜਨੀਤੀ ਨਹੀਂ ਹੋਣ ਦਿਆਂਗੇ।

ਪੰਜਾਬ ਸਮਾਜਿਕ ਸਦਭਾਵਨਾ ਲਈ ਜਾਣਿਆ ਜਾਂਦਾ ਹੈ। ਇੱਥੋਂ ਦੇ ਲੋਕ ਈਦ, ਦੀਵਾਲੀ-ਹੋਲੀ ਅਤੇ ਗੁਰਪੁਰਬ ਇਕੱਠੇ ਮਿਲਕੇ ਮਨਾਉਂਦੇ ਹਨ, ਇਹ ਪੰਜਾਬ ਦੀ ਖ਼ੂਬਸੂਰਤੀ ਹੈ। ਨੀਲ ਗਰਗ ਨੇ ਕਿਹਾ ਕਿ ਸਰਕਾਰ ਦੀਆਂ ਸਖ਼ਤ ਹਦਾਇਤਾਂ ਹਨ ਕਿ ਉਕਤ ਮਾਮਲੇ ਵਿਚ ਕਿਸੇ ਵੀ ਦੋਸ਼ੀ ਨੂੰ ਬਖ਼ਸ਼ਿਆ ਨਾ ਜਾਵੇ।

ਸਾਰੇ ਹਿੰਦੂ ਸੰਗਠਨਾਂ ਦੇ ਆਗੂਆਂ ਨਾਲ ਮੀਡੀਆ ਨੂੰ ਸੰਬੋਧਨ ਕਰਦਿਆਂ ਮਹੰਤ ਬੰਸ਼ੀ ਦਾਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਣ ਤੋਂ ਬਾਅਦ ਸਾਨੂੰ ਸਾਫ਼ ਮਹਿਸੂਸ ਹੋਇਆ ਕਿ ਧਾਰਮਿਕ ਨਿਰਪੱਖਤਾ ਬਾਰੇ ਜਿਸ ਤਰ੍ਹਾਂ ਦੀ ਗੱਲਾਂ ਉਹ ਆਪਣੇ ਭਾਸ਼ਣਾਂ ਵਿੱਚ ਕਹਿੰਦੇ ਹਨ। ਅਸਲ ਵਿੱਚ ਵੀ ਉਹ ਅਜਿਹੇ ਹੀ ਹਨ। ਉਨ੍ਹਾਂ ਨਾਲ ਗੱਲ ਕਰਕੇ ਸਾਨੂੰ ਬਹੁਤ ਖੁਸੀ ਅਤੇ ਸੰਤੁਸ਼ਟੀ ਹੋਈ।

ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਜਿਸ ਤਰ੍ਹਾਂ ਦੂਜੇ ਰਾਜਾਂ ਤੋਂ ਮੁਲਜ਼ਮਾਂ ਨੂੰ ਫੜਿਆ ਹੈ ਉਹ ਬਹੁਤ ਹੀ ਸ਼ਲਾਘਾਯੋਗ ਹੈ। ਇਸ ਨਾਲ ਹਿੰਦੂ ਸਮਾਜ ਦੇ ਲੋਕਾਂ ਦਾ ਮਨੋਬਲ ਵਧਿਆ ਹੈ। ਇਸ ਨਾਲ ਉਨ੍ਹਾਂ ਦਾ ਪੰਜਾਬ ਸਰਕਾਰ ਅਤੇ ਕਾਨੂੰਨ ਵਿਵਸਥਾ 'ਤੇ ਭਰੋਸਾ ਵੀ ਵਧਿਆ ਹੈ। ਹੁਣ ਲੋਕਾਂ ਨੂੰ ਲੱਗਦਾ ਹੈ ਕਿ ਸੂਬੇ ਦੇ ਧਾਰਮਿਕ ਸਥਾਨ ਸੁਰੱਖਿਅਤ ਹਨ ਅਤੇ ਸਰਕਾਰ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ।

ਮੁੱਖ ਮੰਤਰੀ ਦੀਆਂ ਡੰਟ ਟਪਾਉ ਮੀਟਿੰਗਾਂ ਦੀਆਂ ਮੁਲਾਜ਼ਮਾਂ-ਪੈਨਸ਼ਨਰਾਂ ਸਾਂਝੇ ਫਰੰਟ ਦੇ ਸੱਦੇ 'ਤੇ ਫੂਕੀ ਅਰਥੀ : ਦਰਸ਼ਨ ਲੁਬਾਣਾ

ਪਟਿਆਲਾ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (1680) ਅਤੇ ਸਬੰਧਤ ਜਥੇਬੰਦੀਆਂ ਦੇ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੇ ਮੁਲਾਜਮਾਂ ਤੇ ਪੈਨਸ਼ਨਰਾਂ ਸਮੇਤ ਕੰਟਰੈਕਟ, ਆਊਟ ਸੋਰਸ, ਡੇਲੀਵੇਜਿਜ਼, ਸਫਾਈ ਸੇਵਕ ਮੁਲਾਜਮਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਟਕਰਾਓ ਨੀਤੀ ਵਿਰੁੱਧ ਜਿਲਾ ਪ੍ਰਬੰਧਕੀ ਕੰਪਲੈਕਸ ਵਿਖੇ ਖਰਾਬ ਮੋਸਮ ਦੇ ਬਾਵਜੂਦ ਵੀ ਇਨ੍ਹਾਂ ਦੀ ਅਰਥੀ ਫੁੱਕ ਰੋਹ ਭਰਪੂਰ ਰੈਲੀ ਕੀਤੀ, ਅਗਵਾਈ ਕਰ ਰਹੇ ਆਗੂਆਂ ਨਿਰਮਲ ਸਿੰਘ ਧਾਲੀਵਾਲ, ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਜਗਮੋਹਨ ਨੋਲੱਖਾ, ਸਵਰਨ ਸਿੰਘ ਬੰਗਾ, ਨਾਰੰਗ ਸਿੰਘ, ਰਾਮ ਲਾਲ ਰਾਮਾ, ਇੰਜੀ: ਸੰਤੋਖ ਸਿੰਘ ਬੋਪਾਰਾਏ ਨੇ ਕਿਹਾ ਕਿ ਜ਼ੋ ਭਗਵੰਤ ਮਾਨ ਕਹਿੰਦਾ ਸੀ ਕਿ ਹੁਣ ਸਰਕਾਰਾਂ ਪਿੰਡਾਂ ਤੋਂ ਚਲਣਗੀਆਂ, ਅਗਰੇਜ਼ ਇੱਥੇ ਨੌਕਰੀਆਂ ਕਰਨ ਆਉਣਗੇ, ਹਰਾ ਪੈਨ ਕਰਾਂਤੀ ਲਿਆਵੇਗਾ, ਪੁਰਾਣੀ ਪੈਨਸ਼ਨ ਬਹਾਲ ਹੋਣਗੀਆਂ, ਸਾਰੇ ਕੱਚੇ ਕਰਮੀ ਪੱਕੇ ਹੋਣਗੇ, ਖਾਲੀ ਅਸਾਮੀਆਂ ਭਰੀਆ ਜਾਣਗੀਆਂ, ਘੱਟੋ-ਘੱਟ ਉਜਰਤਾ ਵਿੱਚ ਵਾਧਾ ਹੋਵੇਗਾ ਤੇ ਪੈਨਸ਼ਨਰਾਂ ਗੁਣਖੰਡ 2.59 ਮਿਲੇਗਾ, ਘਰ-ਘਰ ਨੌਕਰੀਆਂ ਮਿਲਣਗੀਆਂ, ਹੁਣ ਉਹੀ ਮੁੱਖ ਮੰਤਰੀ ਬੁਲਟ ਪਰੂਫ ਕੈਬਨ ਵਿੱਚੋਂ ਕੌਮ ਨੂੰ ਸੰਬੋਧਨ ਕਰ ਰਿਹਾ ਹੈ।

ਮੁਲਾਜਮਾਂ, ਪੈਨਸ਼ਨਰਾਂ, ਕੱਚੇ ਮੁਲਾਜਮਾਂ ਦੀਆਂ ਹਰ ਪੱਖੀ ਯੋਗ ਤੇ ਹੱਕੀ ਮੰਗਾਂ ਤੇ ਸਤ ਮੀਟਿੰਗਾਂ ਦੇ ਕੇ ਟਾਲ ਮਟੋਲ ਕਰ ਰਿਹਾ ਮੁੱਖ ਮੰਤਰੀ ਮੁਲਾਜਮ, ਪੈਨਸ਼ਨਰ ਆਗੂਆਂ ਦਾ ਸਾਹਮਣਾ ਕਰਨ ਤੋਂ ਟਾਲਾ ਵਟ ਰਿਹਾ ਹੈ।

ਇੱਥੇ ਜਿਲਾ ਪ੍ਰਬੰਧਕੀ ਕੰਪਲੈਕਸ ਵਿੱਚ ਸਾਂਝੇ ਫਰੰਟ ਵਲੋਂ ਦਿੱਤੇ ਸੱਦੇ ਤੇ ਖਰਾਬ ਮੌਸਮ ਹੋਣ ਦੇ ਬਾਵਜੂਦ ਵੀ ਮੁਲਾਜਮ ਤੇ ਪੈਨਸ਼ਨਰ ਵੱਡੀ ਗਿਣਤੀ ਵਿੱਚ ਇਕੱਤਰ ਹੋ ਕੇ ਆਪ ਸਰਕਾਰ ਦਾ ਪਿੱਟ ਸਿਆਪਾ ਕੀਤਾ ਤੇ ਅਰਥੀ ਮੋਢਿਆ ਤੇ ਚੁੱਕ ਕੇ ਮਾਰਚ ਕਰਕੇ ਮੇਨ ਸੜ ਤੇ ਅਗਨ ਭੇਂਟ ਕੀਤੀ। ਇਸ ਮੌਕੇ ਤੇ ਹੋਰ ਜ਼ੋ ਆਗੂ ਤੇ ਮੈਂਬਰ ਹਾਜਰ ਸਨ ਉਹਨਾਂ ਵਿੱਚ ਭਿੰਦਰ ਸਿੰਘ ਚਹਿਲ, ਵਿਪਨ ਕੁਮਾਰ, ਕਰਮਚੰਦ ਗਾਂਧੀ, ਪ੍ਰੀਤਮ ਚੰਦ ਠਾਕੁਰ, ਰਾਜਿੰਦਰ ਕੁਮਾਰ ਸਨੌਰ, ਉਤਮ ਸਿੰਘ ਬਾਗੜੀ, ਮੁਲਖ ਰਾਜ, ਹਰਸਰਨਜੀਤ ਕੌਰ, ਨਿਸ਼ਾ ਰਾਣੀ, ਬਲਵਿੰਦਰ ਕੌਰ, ਦੀਪ ਚੰਦ ਹੰਸ, ਅਸ਼ੋਕ ਕੁਮਾਰ ਬਿੱਟੂ, ਦਰਸ਼ੀ ਕਾਂਤ, ਰਾਮ ਕਿਸ਼ਨ, ਰਾਮ ਪ੍ਰਸਾਦ ਸਹੋਤਾ, ਰਾਜੇਸ਼ ਗੋਲੂ, ਲਖਵੀਰ ਸਿੰਘ, ਮੋਧ ਨਾਥ, ਹਰਬੰਸ ਸਿੰਘ, ਸੁਭਾਸ਼, ਪ੍ਰਕਾਸ਼ ਲੁਬਾਣਾ, ਸੁਰਜ ਯਾਦਵ, ਬਲਬੀਰ ਸਿੰਘ, ਕਰਮਜੀਤ ਸਿੰਘ, ਬੰਸੀ ਲਾਲ, ਸ਼ਿਵ ਚਰਨ, ਅਮਰਜੀਕ ਸਿੰਘ, ਸਤਿਨਰਾਇਣ ਗੋਨੀ, ਉਂਕਾਰ ਦਮਨ, ਸੁਖਦੇਵ ਸੁੱਖੀ, ਮੱਖਣ ਸਿੰਘ, ਲਖਵੀਰ ਲੱਕੀ, ਰਾਜੇਸ਼ ਕੁਮਾਰ, ਕਵਲਜੀਤ ਸਿੰਘ, ਅਮਰਨਾਥ, ਮੇਘ ਰਾਜ, ਸ਼ਿਵ ਕੁਮਾਰ ਮੋਨੀ ਆਦਿ ਹਾਜਰ ਸਨ।

ਕੂੜਾ ਨਾ ਚੁੱਕਣ 'ਤੇ ਦਲਿਤ ਪਤੀ-ਪਤਨੀ ਦੀ ਕੁੱਟਮਾਰ

ਰਾਜਪੁਰਾ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੋਂ ਨੇੜਲੇ ਪਿੰਡ ਦਮਨਹੇੜੀ ਵਿੱਚ ਘਰਾਂ ਵਿੱਚੋਂ ਕੂੜਾ ਚੁੱਕਣ ਦਾ ਕੰਮ ਕਰਨ ਵਾਲੇ ਪਤੀ-ਪਤਨੀ ਦੀ ਪਿੰਡ ਦੇ ਇਕ ਵਿਅਕਤੀ ਨੇ ਉਸ ਦੇ ਘਰ ਦਾ ਕੂੜਾ ਨਾ ਚੁੱਕਣ 'ਤੇ ਕੁੱਟਮਾਰ ਕੀਤੀ। ਇੱਥੋਂ ਦੇ ਸਿਵਲ ਹਸਪਤਾਲ ਵਿੱਚ ਇਲਾਜ ਲਈ ਭਰਤੀ ਹੋਏ ਜਗਤਾਰ ਸਿੰਘ ਪੁੱਤਰ ਗੁਰਦੇਵ ਸਿੰਘ ਅਤੇ ਰਾਜਿੰਦਰ ਕੌਰ ਪਤਨੀ ਜਗਤਾਰ ਸਿੰਘ ਵਾਸੀਆਂ ਹਰਿਆਓ ਨੇ ਦੱਸਿਆ ਕਿ ਉਹ ਅਤੇ ਉਸ ਦੀ ਪਤਨੀ ਪਿੰਡ ਦਮਨਹੇੜੀ ਵਿੱਚ ਘਰ-ਘਰ ਕੂੜਾ ਚੁੱਕਣ ਦਾ ਕੰਮ ਕਰਦੇ ਹਨ। ਇਸ ਬਦਲੇ ਉਹ ਪ੍ਰਤੀ ਘਰ 50 ਰੁਪਏ ਲੈਂਦੇ ਹਨ। ਉਨ੍ਹਾਂ ਬੀਤੇ ਬੁੱਧਵਾਰ ਦਿਨੇਸ਼ ਕੁਮਾਰ ਵੱਲੋਂ ਦਰਵਾਜ਼ਾ ਨਾ ਖੋਲ੍ਹਣ 'ਤੇ ਕੂੜਾ ਨਹੀਂ ਚੁੱਕਿਆ। ਅੱਜ ਜਦੋਂ ਉਹ ਪਿੰਡ ਵਿੱਚੋਂ ਕੂੜਾ ਚੁੱਕ ਰਹੇ ਸਨ ਤਾਂ ਦਿਨੇਸ਼ ਕੁਮਾਰ ਨੇ ਗਾਲ੍ਹਾਂ ਕੱਢਦਿਆਂ ਉਨ੍ਹਾਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਦਿਨੇਸ਼ ਨੇ ਉਸ ਦੀ ਪਤਨੀ ਦੇ ਢਿੱਡ ਵਿੱਚ ਲੱਤਾਂ ਮਾਰੀਆਂ, ਉਸ ਦੀ ਦਾੜ੍ਹੀ ਪੁੱਟ ਦਿੱਤੀ ਅਤੇ ਜਾਤੀ ਸੂਚਕ ਸ਼ਬਦ ਬੋਲੇ।

ਉਨ੍ਹਾਂ ਨੇ ਬੜੀ ਮੁਸ਼ਕਲ ਨਾਲ ਆਪਣੀ ਜਾਨ ਬਚਾਈ ਹੈ। ਉੱਧਰ ਇਸ ਘਟਨਾ ਦਾ ਸਖ਼ਤ ਨੋਟਿਸ ਲੈਂਦਿਆਂ ਸਫ਼ਾਈ ਸੇਵਕ ਯੂਨੀਅਨ ਪੰਜਾਬ ਦੇ ਰਾਸ਼ਟਰੀ ਪ੍ਰਧਾਨ ਹੰਸ ਰਾਜ ਨੇ ਇਸ ਘਟਨਾ ਨੂੰ ਮੰਦਭਾਗਾ ਦੱਸਦਿਆਂ ਕਿਹਾ ਕਿ ਉਨ੍ਹਾਂ ਦੀਆਂ ਧੀਆਂ ਭੈਣਾਂ ਹਾਲੇ ਵੀ ਸੁਰੱਖਿਅਤ ਨਹੀਂ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਪੁਲੀਸ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਪੁਲੀਸ ਨੇ ਦਿਨੇਸ਼ ਕੁਮਾਰ ਖ਼ਿਲਾਫ਼ ਜਲਦੀ ਕਾਰਵਾਈ ਨਾ ਕੀਤੀ ਤਾਂ ਉਹ ਤਿੱਖਾ ਸੰਘਰਸ਼ ਵਿੱਢਣਗੇ। ਸੂਚਨਾ ਮਿਲਣ 'ਤੇ ਪੁਲੀਸ ਨੇ ਮਾਮਲੇ ਦੀ ਜਾਂਚ ਪੜਤਾਲ ਆਰੰਭ ਦਿੱਤੀ ਹੈ।

ਡੀ.ਸੀ. ਦਫ਼ਤਰ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਦਿੱਤੇ ਸੰਘਰਸ਼ ਤਹਿਤ ਕੀਤੀ ਗੇਟ ਰੈਲੀ

ਮਲੇਰਕੋਟਲਾ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਡੀ.ਸੀ. ਦਫ਼ਤਰ ਕਰਮਚਾਰੀ ਯੂਨੀਅਨ ਪੰਜਾਬ ਵੱਲੋਂ ਤੇਜਿੰਦਰ ਸਿੰਘ ਨੰਗਲ, ਸੂਬਾ ਪ੍ਰਧਾਨ ਅਤੇ ਨਰਿੰਦਰ ਸਿੰਘ ਚੀਮਾ, ਸੂਬਾ ਜਨਰਲ ਸਕੱਤਰ ਦੀ ਅਗਵਾਈ ਵਿੱਚ ਮਿਤੀ 27-07-2024 ਨੂੰ ਜਿਲਾ ਮੋਗਾ ਵਿਖੇ ਕੀਤੀ ਗਈ ਸੂਬਾ ਪੱਧਰੀ ਮੀਟਿੰਗ ਵਿੱਚ ਸਰਵਸੰਮਤੀ ਨਾਲ ਲਏ ਫ਼ੈਸਲੇ ਅਨੁਸਾਰ ਸਰਕਾਰ ਨੂੰ ਨੋਟਿਸ ਭੇਜ ਕੇ 16-08-2024 ਤੱਕ ਮੰਗਾਂ ਦੀ ਪੂਰਤੀ ਕਰਨ ਲਈ ਲਿਖਿਆ ਗਿਆ ਸੀ ਪਰ ਸਰਕਾਰ ਵੱਲੋਂ ਨਾ ਤਾਂ ਜੱਥੇਬੰਦੀ ਨੂੰ ਮੀਟਿੰਗ ਲਈ ਸੱਦਿਆ ਗਿਆ ਤੇ ਨਾ ਹੀ ਮੰਗਾਂ ਦੀ ਪੂਰਤੀ ਕੀਤੀ ਗਈ।

ਜਿਸ ਦੇ ਰੋਸ ਵਜੋਂ ਅਤੇ ਮੰਗਾਂ ਦੀ ਪੂਰਤੀ ਕਰਵਾਉਣ ਲਈ ਜੱਥੇਬੰਦੀ ਦੀ ਸੀਨੀਅਰ ਲੀਡਰਸ਼ਿਪ ਨਾਲ ਵਿਚਾਰ ਵਿਟਾਂਦਰਾ ਕਰਨ ਉਪਰੰਤ ਇਹ ਫ਼ੈਸਲਾ ਲਿਆ ਗਿਆ ਹੈ ਕਿ ਸਰਕਾਰ ਨੂੰ ਮਿਤੀ 04-09-2024 ਤੱਕ ਦਾ ਸਮਾਂ ਦਿੰਦੇ ਹੋਏ ਇੱਕ ਹੋਰ ਨੋਟਿਸ ਭੇਜਿਆ ਜਾਵੇਗਾ। ਜਿਲਾ ਮਾਲੇਰਕੋਟਲਾ ਦੇ ਪ੍ਰਧਾਨ ਸ਼ਰਨਵੀਰ ਸਿੰਘ ਅਤੇ ਜਨਰਲ ਸਕੱਤਰ ਸੰਦੀਪ ਸਿੰਘ ਨੇ ਦੱਸਿਆ ਕਿ ਸੂਬਾ ਬਾਡੀ ਵੱਲੋਂ ਲਏ ਫੈਸਲੇ ਅਨੁਸਾਰ ਮਿਤੀ 23-08-2024 ਨੂੰ ਡੀ.ਸੀ. ਦਫ਼ਤਰ ਅਤੇ ਸਬ ਡਵੀਜ਼ਨ ਮਾਲੇਰਕੋਟਲਾ ,ਅਹਿਮਦਗੜ੍ਹ, ਅਮਰਗੜ੍ਹ ਦੇ ਸਮੂਹ ਕਰਮਚਾਰੀ ਵੱਲੋਂ ਡੀ.ਸੀ. ਦਫ਼ਤਰ ਦੇ ਮੇਨ ਗੇਟ ਤੇ ਰੈਲੀ ਕੀਤੀ ਗਈ।

ਉਲੀਕੇ ਪ੍ਰੋਗਰਾਮ ਤਹਿਤ 26 ਅਤੇ 30 ਅਗਸਤ ਨੂੰ ਦੁਪਹਿਰ 12:00 ਵਜੇ ਤੋਂ 1:30 ਵਜੇ ਤੱਕ ਸੰਕੇਤਕ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ 30 ਸਾਲ ਪਹਿਲਾਂ ਬਣਾਈਆਂ ਸਬ ਡਵੀਜ਼ਨਾਂ, ਤਹਿਸੀਲਾਂ ਅਤੇ ਉਪ ਤਹਿਸੀਲਾਂ ਵਿੱਚ ਨੌਰਮਜ਼ ਅਨੁਸਾਰ ਅਸਾਮੀਆਂ ਦੀ ਰਚਨਾ ਨਹੀਂ ਕੀਤੀ ਜਾ ਰਹੀ, ਜਦੋਂ ਤੱਕ ਅਸਾਮੀਆਂ ਦੀ ਰਚਨਾ ਨਹੀਂ ਹੋਵੇਗੀ, ਓਦੋਂ ਤੱਕ ਸੂਬੇ ਦੇ ਪੜ੍ਹੇ-ਲਿਖੇ ਬੇਰੁਜ਼ਗਾਰ ਬੱਚਿਆਂ ਨੂੰ ਸਰਕਾਰੀ ਨੌਕਰੀ ਕਿਵੇਂ ਮਿਲੇਗੀ। ਸਰਕਾਰ ਉਹਨਾਂ ਅਸਾਮੀਆਂ ਦੀ ਰਚਨਾ ਕਰੇ ਅਤੇ ਜਿੱਥੇ ਅਸਾਮੀਆਂ ਦੀ ਰਚਨਾ ਹੋ ਕੇ ਸਰਕਾਰ ਨੂੰ ਨਵੇਂ ਕਲਰਕ ਭਰਤੀ ਕਰਨ ਦੀ ਡਿਮਾਂਡ ਗਈ ਹੈ, ਓਥੇ ਭਰਤੀ ਦਾ ਇਸ਼ਤਿਹਾਰ ਜਾਰੀ ਕਰਕੇ ਨਵੀਂ ਭਰਤੀ ਜਲਦੀ ਕੀਤੀ ਜਾਵੇ।ਸੀਨੀਅਰ ਸਹਾਇਕਾਂ ਦੀਆਂ ਖਾਲੀ ਪਈਆਂ 117 ਅਸਾਮੀਆਂ ਤੇ ਪ੍ਰਮੋਸ਼ਨਾਂ ਨਹੀਂ ਕੀਤੀਆਂ ਜਾ ਰਹੀਆਂ। ਮਿਤੀ 17-7-2020 ਦੇ ਪੱਤਰ ਰਾਹੀਂ ਕੇਂਦਰ ਸਰਕਾਰ ਦਾ ਤਨਖਾਹਾਂ ਸਬੰਧੀ ਕਮਿਸ਼ਨ ਪੰਜਾਬ ਦੇ ਕਰਮਚਾਰੀਆਂ ਤੇ ਲਾਗੂ ਕਰਕੇ ਸੰਵਿਧਾਨ ਦੀ ਉਲੰਘਣਾ ਕੀਤੀ ਜਾ ਰਹੀ ਹੈ ਤੇ ਉੱਚ ਸਿੱਖਿਆ ਪ੍ਰਾਪਤ ਕਰਨ ਤੇ ਬਹੁਤ ਔਖੀ ਭਰਤੀ ਪ੍ਰਕਿਰਿਆ ਚੋਂ ਗੁਜਰਨ ਦੇ ਬਾਵਜੂਦ ਮਾਮੂਲੀ ਤਨਖਾਹਾਂ ਤੇ ਮੁਲਾਜ਼ਮਾਂ ਦੀ ਭਰਤੀ ਕੀਤੀ ਜਾ ਰਹੀ ਹੈ। ਮਨਪ੍ਰੀਤ ਸਿੰਘ ਪ੍ਰੈਸ ਸਕੱਤਰ ਨੇ ਦੱਸਿਆ ਜੇਕਰ ਇਹ ਜਾਇਜ ਮੰਗਾਂ ਨਾ ਮੰਨੀਆਂ ਗਈਆਂ ਤਾਂ ਆਉਣ ਵਾਲੀਆਂ ਜਿਮਨੀ ਚੋਣਾਂ ਵਿੱਚ ਸਰਕਾਰ ਨੂੰ ਮੁਲਾਜ਼ਮਾਂ ਦੇ ਰੋਸ ਦਾ ਸਾਹਮਣਾ ਕਰਨਾ ਪਵੇਗਾ।

ਜ਼ੋਨ ਪੱਧਰੀ ਮੁਕਾਬਲਿਆਂ 'ਚ ਝੁਨੇਰ ਦੇ ਖਿਡਾਰੀਆਂ ਨੇ ਮੱਲਾਂ ਮਾਰੀਆਂ

ਲੜਕੀਆਂ ਅੰਡਰ-19 ਅਤੇ ਅੰਡਰ-17 ਦੇ ਮੁਕਾਬਲੇ 'ਚ ਘਨੌਰ ਬਲਾਕ ਜੇਤੂ

ਪਟਿਆਲਾ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਪ

ਭਾਜਪਾ ਨੇ ਜੰਮੂ ਕਸ਼ਮੀਰ ਲਈ ਜਾਰੀ ਕੀਤੀ ਨਵੀਂ ਲਿਸਟ, ਪਹਿਲੇ ਪੜਾਅ ਦੇ 15 ਉਮੀਦਵਾਰਾਂ ਦਾ ਐਲਾਨ

ਸ਼੍ਰੀਨਗਰ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਨੇ ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਲਈ ਸੋਮਵਾਰ ਦੁਪਹਿਰ ਉਮੀਦਵਾਰਾਂ ਦੀ ਸੋਧ ਲਿਸਟ ਜਾਰੀ ਕਰ ਦਿੱਤੀ ਹੈ। ਪਹਿਲੇ ਪੜਾਅ ਦੇ ਅਧੀਨ ਇਸ ਲਿਸਟ 'ਚ 15 ਉਮੀਦਵਾਰਾਂ ਦੇ ਨਾਂ ਜਾਰੀ ਕੀਤੇ ਗਏ ਹਨ। ਇਸ ਤੋਂ ਪਹਿਲਾਂ ਸਵੇਰੇ 10 ਵਜੇ ਭਾਜਪਾ ਨੇ ਜੰਮੂ ਕਸ਼ਮੀਰ ਚੋਣਾਂ ਲਈ 44 ਉਮੀਦਵਾਰਾਂ ਦੀ ਲਿਸਟ ਜਾਰੀ ਕੀਤੀ ਸੀ ਪਰ ਬਾਅਦ 'ਚ ਇਸ ਲਿਸਟ ਨੂੰ ਵਾਪਸ ਲੈ ਲਿਆ। ਹੁਣ ਇਸ ਨੂੰ ਨਵੇਂ ਸਿਰੇ ਨਾਲ ਜਾਰੀ ਕੀਤਾ ਗਿਆ ਹੈ ਪਰ ਪਹਿਲੇ ਪੜਾਅ ਲਈ 15 ਉਮੀਦਵਾਰਾਂ ਦੇ ਨਾਂ ਦੀ ਲਿਸਟ ਜਾਰੀ ਕੀਤੀ ਗਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਭਾਜਪਾ ਦੇ ਕਈ ਸੀਨੀਅਰ ਨੇਤਾ ਪਹਿਲੀ ਲਿਸਟ 'ਚ ਆਪਣੇ ਨਾਂ ਨਾ ਹੋਣ ਕਾਰਨ ਨਾਖੁਸ਼ ਸਨ, ਜਿਸ ਕਾਰਨ ਭਾਜਪਾ ਨੂੰ ਨਵੇਂ ਸਿਰੇ ਤੋਂ ਲਿਸਟ ਜਾਰੀ ਕਰਨੀ ਪਈ।

ਇਸ ਤੋਂ ਪਹਿਲਾਂ ਜਾਰੀ ਕੀਤੀ ਗਈ ਲਿਸਟ 'ਚ ਜੰਮੂ ਕਸ਼ਮੀਰ 'ਚ ਭਾਜਪਾ ਦੇ ਕਈ ਵੱਡੇ ਆਗੂਆਂ ਨੂੰ ਟਿਕਟ ਨਹੀਂ ਦਿੱਤੀ ਗਈ ਸੀ। ਇਸ 'ਚ ਸਾਬਕਾ ਉੱਪ ਮੁੱਖ ਮੰਤਰੀ ਅਤੇ ਜੰਮੂ ਕਸ਼ਮੀਰ ਵਿਧਾਨ ਸਭਾ ਦੇ ਸਾਬਕਾ ਸਪੀਕਰ ਡਾ. ਨਿਰਮਲ ਸਿੰਘ ਵੀ ਸ਼ਾਮਲ ਸਨ। ਨਿਰਮਲ ਸਿੰਘ ਨੇ 2014 'ਚ ਬਿਲਾਵਰ ਵਿਧਾਨ ਸਭਾ ਸੀਟ ਤੋਂ ਜਿੱਤ ਹਾਸਲ ਕੀਤੀ ਸੀ। ਉੱਥੇ ਹੀ ਸਾਬਕਾ ਉੱਪ ਮੁੱਖ ਮੰਤਰੀ ਕਵਿੰਦਰ ਗੁਪਤਾ ਨੂੰ ਵੀ ਟਿਕਟ ਨਹੀਂ ਮਿਲਿਆ ਸੀ।

ਬੀ.ਜੇ.ਪੀ. ਹਰਿਆਣਾ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਬਾਰੇ 29 ਨੂੰ ਕਰੇਗੀ ਚਰਚਾ

ਚੰਡੀਗੜ੍ਹ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਦੀ ਕੇਂਦਰੀ ਚੋਣ ਕਮੇਟੀ ਦੀ ਅਗਲੀ ਮੀਟਿੰਗ 29 ਅਗਸਤ ਨੂੰ ਕੌਮੀ ਰਾਜਧਾਨੀ ਵਿੱਚ ਹੋਣੀ ਹੈ। ਮੀਟਿੰਗ ਵਿੱਚ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਬਾਰੇ ਚਰਚਾ ਕੀਤੀ ਜਾਵੇਗੀ। ਕੇਂਦਰੀ ਚੋਣ ਕਮੇਟੀ ਦੀ ਬੈਠਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰੀ ਪ੍ਰਧਾਨ ਜੇਪੀ ਨੱਢਾ ਦੀ ਪ੍ਰਧਾਨਗੀ ਹੇਠ ਹੋਵੇਗੀ। ਮੀਟਿੰਗ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਸੰਗਠਨ ਦੇ ਜਨਰਲ ਸਕੱਤਰ ਬੀਐਲ ਸੰਤੋਸ਼, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਸੂਬਾ ਪ੍ਰਧਾਨ ਮੋਹਨ ਲਾਲ ਬਡੋਲੀ ਅਤੇ ਹੋਰ ਮੈਂਬਰ ਵੀ ਸ਼ਾਮਲ ਹੋਣਗੇ।

ਕੇਂਦਰੀ ਚੋਣ ਕਮੇਟੀ ਦੀ ਮੀਟਿੰਗ 'ਚ ਹਰਿਆਣਾ ਵਿਧਾਨ ਸਭਾ ਚੋਣਾਂ ਦੀਆਂ 90 ਸੀਟਾਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਸੂਤਰਾਂ ਮੁਤਾਬਕ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੇ ਨਾਂ ਲਗਪਗ ਤੈਅ ਹੋ ਚੁੱਕੇ ਹਨ। ਇਸ ਵਾਰ ਨਵੇਂ ਚਿਹਰਿਆਂ ਦੇ ਨਾਲ-ਨਾਲ ਜੇਤੂ ਉਮੀਦਵਾਰ ਨੂੰ ਵੀ ਚੋਣਾਂ ਲੜਨ ਦਾ ਮੌਕਾ ਮਿਲ ਸਕਦਾ ਹੈ। ਸਾਫ਼ ਸੁਥਰੇ ਅਕਸ ਵਾਲੇ ਉਮੀਦਵਾਰਾਂ ਦੇ ਨਾਵਾਂ ਨੂੰ ਵੀ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ। ਹਰਿਆਣਾ ਵਿਧਾਨ ਸਭਾ ਚੋਣਾਂ ਦੀਆਂ 90 ਸੀਟਾਂ ਲਈ ਵੋਟਿੰਗ 1 ਅਕਤੂਬਰ ਨੂੰ ਹੋਵੇਗੀ। ਨਤੀਜੇ 4 ਅਕਤੂਬਰ ਨੂੰ ਐਲਾਨੇ ਜਾਣਗੇ।

ਪਾਣੀ 'ਚ ਡੁੱਬੇ ਪੁਲ ਤੋਂ ਲੰਘ ਰਹੀ ਟਰੈਕਟਰ-ਟਰਾਲੀ ਰੁੜੀ, 7 ਲਾਪਤਾ

ਮੋਰਬੀ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐੱਨਡੀਆਰਐੱਫ) ਵਲੋਂ ਗੁਜਰਾਤ ਦੇ ਮੋਰਬੀ ਜ਼ਿਲ੍ਹੇ ਵਿਚ ਭਾਰੀ ਬਾਰਸ਼ ਦੇ ਦੌਰਾਨ ਪਾਣੀ ਵਿਚ ਡੁੱਬੇ ਪੁਲ ਨੂੰ ਪਾਰ ਕਰਦੇ ਸਮੇਂ ਆਪਣੀ ਟਰੈਕਟਰ ਟਰਾਲੀ ਸਮੇਤ ਵਹਿ ਗਏ ਸੱਤ ਵਿਅਕਤੀਆਂ ਦੀ ਭਾਲ ਲਈ ਮੁਹਿੰਮ ਜਾਰੀ ਹੈ।

ਪਿੰਡ ਧਵਾਣਾ ਨੇੜੇ ਵਾਪਰੀ ਇਸ ਘਟਨਾ ਵਿੱਚ ਟਰੈਕਟਰ ਟਰਾਲੀ 'ਤੇ ਸਵਾਰ 17 ਵਿਅਕਤੀਆਂ ਵਿੱਚੋਂ 10 ਨੂੰ ਦੇਰ ਰਾਤ ਚਲਾਏ ਗਏ ਅਪਰੇਸ਼ਨ ਵਿੱਚ ਬਚਾ ਲਿਆ ਗਿਆ ਅਤੇ ਬਾਕੀ ਸੱਤ ਵਿਅਕਤੀਆਂ ਦੀ ਭਾਲ ਅਜੇ ਜਾਰੀ ਹੈ।

ਨਵੀਂ ਦਿੱਲੀ 'ਚ ਫੁੱਟਪਾਥ 'ਤੇ ਸੁੱਤੇ ਬੇਘਰਾਂ 'ਤੇ ਟਰੱਕ ਚੜ੍ਹਿਆ, 3 ਦੀ ਮੌਤ

ਨਵੀਂ ਦਿੱਲੀ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਉੱਤਰ-ਪੂਰਬੀ ਦਿੱਲੀ ਦੇ ਸ਼ਾਸਤਰੀ ਪਾਰਕ ਇਲਾਕੇ 'ਚ ਅੱਜ ਤੜਕੇ ਟਰੱਕ ਫੁੱਟਪਾਥ 'ਤੇ ਸੁੱਤੇ ਪੰਜ ਵਿਅਕਤੀਆਂ 'ਤੇ ਚੜ੍ਹ ਗਿਆ, ਜਿਸ ਕਾਰਨ ਤਿੰਨ ਦੀ ਮੌਤ ਹੋ ਗਈ। ਘਟਨਾ ਤੜਕੇ ਸਾਢੇ ਪੰਜ ਵਜੇ ਹੋਈ। ਇਹ ਸਾਰੇ ਲੋਕ ਬੇਘਰ ਸਨ ਤੇ ਫੁੱਟਪਾਥ 'ਤੇ ਸੌਂ ਰਹੇ ਸਨ। ਪੀੜਤਾਂ ਨੂੰ ਜਗ ਪ੍ਰਵੇਸ਼ ਚੰਦਰ ਹਸਪਤਾਲ ਲਿਜਾਇਆ ਗਿਆ, ਜਿੱਥੇ ਤਿੰਨ ਵਿਅਕਤੀਆਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ, ਜਦੋਂ ਕਿ ਦੋ ਜ਼ਖ਼ਮੀਆਂ ਨੂੰ ਜੀਟੀਬੀ ਹਸਪਤਾਲ ਰੈਫਰ ਕਰ ਦਿੱਤਾ ਗਿਆ। ਟਰੱਕ ਡਰਾਈਵਰ ਨੂੰ ਫੜਨ ਲਈ ਟੀਮ ਬਣਾਈ ਗਈ ਹੈ। ਮ੍ਰਿਤਕਾਂ ਦੀ ਪਛਾਣ ਕੀਤੀ ਜਾ ਰਹੀ ਹੈ।

ਨਾਂਦੇੜ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਵਸੰਤ ਚਵਾਨ ਦਾ ਦੇਹਾਂਤ

ਨਾਂਦੇੜ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮਹਾਰਾਸ਼ਟਰ ਦੀ ਨਾਂਦੇੜ ਲੋਕ ਸਭਾ ਸੀਟ ਤੋਂ ਕਾਂਗਰਸ ਮੈਂਬਰ ਵਸੰਤ ਚਵਾਨ ਦਾ ਲੰਬੀ ਬਿਮਾਰੀ ਤੋਂ ਬਾਅਦ ਅੱਜ ਹੈਦਰਾਬਾਦ ਦੇ ਨਿੱਜੀ ਹਸਪਤਾਲ ਵਿੱਚ ਦੇਹਾਂਤ ਹੋ ਗਿਆ। ਚਵਾਨ (69) ਨੇ ਸਵੇਰੇ ਕਰੀਬ 4 ਵਜੇ ਆਖਰੀ ਸਾਹ ਲਿਆ। ਉਹ ਪਿਛਲੇ ਹਫ਼ਤੇ ਤੋਂ ਗੁਰਦਿਆਂ ਸਬੰਧੀ ਸਮੱਸਿਆ ਦਾ ਇਲਾਜ ਕਰਵਾ ਰਹੇ ਸਨ। ਚਵਾਨ ਨੇ ਬਿਮਾਰ ਹੋਣ ਦੇ ਬਾਵਜੂਦ ਇਸ ਸਾਲ ਦੀਆਂ ਲੋਕ ਸਭਾ ਚੋਣਾਂ ਜਿੱਤੀਆਂ ਸਨ। ਉਨ੍ਹਾਂ ਨੇ ਭਾਜਪਾ ਦੇ ਉਮੀਦਵਾਰ ਪ੍ਰਤਾਪ ਪਾਟਿਲ ਚਿਖਲੀਕਰ ਨੂੰ 59,442 ਵੋਟਾਂ ਨਾਲ ਹਰਾਇਆ। ਚਿਖਲੀਕਰ ਪਿਛਲੀ ਲੋਕ ਸਭਾ ਵਿੱਚ ਨਾਂਦੇੜ ਤੋਂ ਮੈਂਬਰ ਸਨ।

ਉੱਤਰੀ ਕੋਰੀਆਂ ਨੇ ਨਿਸ਼ਾਨੇ ਫੁੰਡਣ ਵਾਲੇ ਡਰੋਨ ਦੀ ਸਫ਼ਲ ਪਰਖ ਕੀਤੀ

ਸਿਓਲ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਨਿਸ਼ਨਿਆਂ 'ਤੇ ਹਮਲਾ ਕਰਨ ਲਈ ਤਿਆਰ ਕੀਤੇ ਨਵੇਂ ਹਮਲਾਵਾਰ ਡਰੋਨਾਂ ਦਾ ਪ੍ਰਦਰਸ਼ਨ ਦੇਖਿਆ ਅਤੇ ਆਪਣੀ ਫੌਜ ਦੀ ਲੜਾਈ ਦੀ ਤਿਆਰੀ ਨੂੰ ਮਜ਼ਬੂਤ ਕਰਨ ਲਈ ਅਜਿਹੇ ਹਥਿਆਰਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰਨ ਦਾ ਵਾਅਦਾ ਕੀਤਾ। ਅਮਰੀਕਾ ਤੇ ਦੱਖਣੀ ਕੋਰੀਆ ਨਾਲ ਤਣਾਅ ਦੇ ਮੱਦੇਨਜ਼ਰ ਉੱਤਰੀ ਕੋਰੀਆ ਲਗਾਤਾਰ ਆਪਣੇ ਹਥਿਆਰਾਂ ਦੀ ਪਰਖ ਕਰ ਰਿਹਾ ਹੈ।ਤਸਵੀਰਾਂ 'ਚ ਡਰੋਨ ਦੱਖਣੀ ਕੋਰੀਆ ਦੇ ਕੇ-2 ਮੁੱਖ ਜੰਗੀ ਟੈਂਕ ਵਰਗੇ ਨਿਸ਼ਾਨੇ 'ਤੇ ਹਮਲਾ ਕਰਦਾ ਹੈ ਅਤੇ ਉਸ ਨੂੰ ਤਬਾਹ ਕਰ ਦਿੰਦਾ ਹੈ।

ਜਦੋਂ ਚਾਹੁਣ ਅਕਾਲੀ ਦਲ ਵਿਚ ਵਾਪਸ ਆ ਸਕਦੇ ਹਨ ਡਿੰਪੀ ਗਿੱਦੜਬਾਹਾ ਦੀ ਸੀਟ ਉਨ੍ਹਾਂ ਨੂੰ ਹੀ ਦਿੱਤੀ ਜਾਵੇਗੀ : ਸੁਖਬੀਰ ਬਾਦਲ

ਸ੍ਰੀ ਮੁਕਤਸਰ ਸਾਹਿਬ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸੋਮਵਾਰ ਨੂੰ ਆਪਣੇ ਨਿਵਾਸ ਪਿੰਡ ਬਾਦਲ ਵਿਖੇ ਗਿੱਦੜਬਾਹਾ ਦੇ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਨੇ ਡਿੰਪੀ ਢਿੱਲੋਂ ਵਲੋਂ ਅਕਾਲੀ ਦਲ ਛੱਡਣ 'ਤੇ ਕਿਹਾ ਕਿ ਉਹ ਡਿੰਪੀ ਢਿੱਲੋਂ ਨੂੰ ਛੋਟਾ ਭਰਾ ਮੰਨਦੇ ਹਨ। ਉਹ ਜਦੋਂ ਚਾਹੁਣ ਅਕਾਲੀ ਦਲ ਵਿਚ ਵਾਪਸ ਆ ਸਕਦੇ ਹਨ। ਗਿੱਦੜਬਾਹਾ ਦੀ ਸੀਟ ਡਿੰਪੀ ਨੂੰ ਹੀ ਦਿੱਤੀ ਜਾਵੇਗੀ। ਡਿੰਪੀ ਨੂੰ 10 ਦਿਨਾਂ ਵਿਚ ਵਾਪਸ ਆਉਣਾ ਚਾਹੀਦਾ ਹੈ। ਉਸ ਦੀ ਸੀਟ ਪੱਕੀ ਹੈ। ਉਨ੍ਹਾਂ ਕਿਹਾ ਕਿ ਡਿੰਪੀ ਦੇ ਪਾਰਟੀ ਛੱਡਣ ਉਤੇ ਬੜਾ ਦੁੱਖ ਲੱਗਾ ਹੈ। ਡਿੰਪੀ ਦੀ ਦੋ ਮਹੀਨਿਆਂ ਤੋਂ ਆਮ ਆਦਮੀ ਪਾਰਟੀ ਨਾਲ ਗੱਲਬਾਤ ਚੱਲ ਰਹੀ ਸੀ। ਅਸੀਂ ਅੱਜ ਵੀ ਡਿੰਪੀ ਨੂੰ ਟਿਕਟ ਦੇਣ ਲਈ ਤਿਆਰ ਹਾਂ। ਮੈਂ ਅੱਜ ਵੀ ਡਿੰਪੀ ਦਾ ਐਲਾਨ ਕਰਨ ਲਈ ਤਿਆਰ ਹਾਂ।

ਕੱਲ੍ਹ ਛੱਡਿਆ ਸੀ ਅਕਾਲੀ ਦਲ

ਗਿੱਦੜਬਾਹਾ ਹਲਕੇ ਤੋਂ ਅਕਾਲੀ ਦਲ ਦੇ ਇੰਚਾਰਜ ਅਤੇ ਪਾਰਟੀ ਦੀ ਟਿਕਟ 'ਤੇ ਦੋ ਵਾਰ ਚੋਣ ਲੜ ਚੁੱਕੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਬੀਤੇ ਦਿਨੀਂ ਅਕਾਲੀ ਦਲ ਛੱਡਣ ਦਾ ਐਲਾਨ ਕੀਤਾ ਸੀ।

ਬਲੋਚਿਸਤਾਨ 'ਚ 23 ਯਾਤਰੀਆਂ ਨੂੰ ਬੱਸਾਂ 'ਚੋਂ ਲਾਹ ਕੇ ਗੋਲੀਆਂ ਮਾਰ ਕੇ ਮਾਰਿਆ

ਕਰਾਚੀ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪਾਕਿਸਤਾਨ ਦੇ ਅਸ਼ਾਂਤ ਬਲੋਚਿਸਤਾਨ ਸੂਬੇ ਵਿੱਚ ਹਥਿਆਰਬੰਦ ਹਮਲਾਵਰਾਂ ਨੇ ਬੱਸਾਂ ਵਿੱਚੋਂ ਯਾਤਰੀਆਂ ਨੂੰ ਉਤਾਰ ਕੇ ਉਨ੍ਹਾਂ ਦੇ ਸ਼ਨਾਖਤੀ ਕਾਰਡਾਂ ਦੀ ਜਾਂਚ ਕਰਨ ਮਗਰੋਂ ਘੱਟੋ-ਘੱਟ 23 ਵਿਅਕਤੀਆਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਬਲੋਚਿਸਤਾਨ ਦੇ ਮੂਸਾਖੇਲ ਵਿੱਚ ਹਥਿਆਰਬੰਦ ਵਿਅਕਤੀਆਂ ਨੇ ਰਾਰਾਸ਼ਾਮ ਖੇਤਰ ਵਿੱਚ ਅੰਤਰ-ਸੂਬਾਈ ਹਾਈਵੇਅ ਨੂੰ ਬੰਦ ਕਰ ਦਿੱਤਾ ਅਤੇ ਯਾਤਰੀਆਂ ਨੂੰ ਬੱਸਾਂ ਤੋਂ ਉਤਾਰ ਦਿੱਤਾ।

ਮ੍ਰਿਤਕਾਂ ਦੀ ਪਛਾਣ ਪੰਜਾਬ ਸੂਬੇ ਦੇ ਵਸਨੀਕ ਵਜੋਂ ਹੋਈ ਹੈ। ਖ਼ਬਰਾਂ ਮੁਤਾਬਕ ਹਥਿਆਰਬੰਦ ਲੋਕਾਂ ਨੇ 10 ਗੱਡੀਆਂ ਨੂੰ ਵੀ ਅੱਗ ਲਗਾ ਦਿੱਤੀ।

ਹਰਦੀਪ ਸਿੰਘ ਡਿੰਪੀ ਢਿੱਲੋਂ ਆਮ ਆਦਮੀ ਪਾਰਟੀ 'ਚ ਹੋਣਗੇ ਸ਼ਾਮਲ

ਚੰਡੀਗੜ੍ਹ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫ਼ਾ ਦੇ ਚੁੱਕੇ ਹਰਦੀਪ ਸਿੰਘ ਡਿੰਪੀ ਢਿੱਲੋਂ ਬੁੱਧਵਾਰ ਨੂੰ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣਗੇ। ਦੱਸ ਦੇਈਏ ਬੀਤੇ ਦਿਨ ਡਿੰਪੀ ਢਿੱਲੋਂ ਨੇ ਅਕਾਲੀ ਦਲ ਦੀ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਹਾਲਾਂਕਿ ਡਿੰਪੀ ਢਿੱਲੋਂ ਸੁਖਬੀਰ ਸਿੰਘ ਬਾਦਲ ਦੇ ਬੇਹੱਦ ਕਰੀਬੀ ਰਹੇ ਹਨ।

ਜ਼ਿਕਰਯੋਗ ਹੈ ਕਿ ਡਿੰਪੀ ਢਿੱਲੋਂ ਗਿੱਦੜਬਾਹਾ ਤੋਂ ਅਕਾਲੀ ਦਲ ਦੇ ਇੰਚਾਰਜ ਵੀ ਸਨ ਅਤੇ 2 ਵਾਰ ਅਕਾਲੀ ਦਲ ਵੱਲੋਂ ਰਾਜਾ ਵੜਿੰਗ ਖ਼ਿਲਾਫ਼ ਚੋਣ ਲੜ ਚੁੱਕੇ ਹਨ। ਇਹ ਵੀ ਦੱਸਣਯੋਗ ਹੈ ਕਿ ਗਿੱਦੜਬਾਹਾ 'ਚ ਜ਼ਿਮਨੀ ਚੋਣ ਹੋਣੀ ਹੈ ਅਤੇ ਸੁਖਬੀਰ ਬਾਦਲ ਪਿਛਲੇ ਕੁਝ ਦਿਨਾਂ ਤੋਂ ਇਸ ਹਲਕੇ 'ਚ ਸਰਗਰਮ ਹਨ। ਇਹ ਗੱਲ ਵੀ ਸਾਹਮਣੇ ਆ ਰਹੀ ਹੈ ਕਿ ਡਿੰਪੀ ਢਿੱਲੋਂ ਨੂੰ ਗਿੱਦੜਬਾਹਾ ਤੋਂ ਉਮੀਦਵਾਰ ਐਲਾਨਿਆ ਜਾ ਸਕਦਾ ਸੀ ਪਰ ਅਜੇ ਤੱਕ ਗਿੱਦੜਬਾਹਾ ਤੋਂ ਉਮੀਦਵਾਰ ਵਜੋਂ ਉਨ੍ਹਾਂ ਦੇ ਨਾਂ ਦਾ ਐਲਾਨ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਹਰਦੀਪ ਸਿੰਘ ਡਿੰਪੀ ਢਿੱਲੋਂ ਅਕਾਲੀ ਦਲ ਤੋਂ ਨਾਰਾਜ਼ ਚੱਲ ਰਹੇ ਹਨ।

ਭਾਜਪਾ ਨੇ ਕੰਗਨਾ ਦੇ ਬਿਆਨ ਤੋਂ ਨਾਤਾ ਤੋੜਿਆ ਤੇ ਅਦਾਕਾਰਾ ਨੂੰ 'ਚੁੱਪ' ਰਹਿਣ ਲਈ ਕਿਹਾ

ਨਵੀਂ ਦਿੱਲੀ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਨੇ ਕਿਸਾਨ ਅੰਦੋਲਨ ਬਾਰੇ ਮੰਡੀ ਦੀ ਸੰਸਦ ਕੰਗਨਾ ਰਣੌਤ ਦੇ ਬਿਆਨ ਤੋਂ ਆਪਣੇ ਆਪ ਨੂੰ ਦੂਰ ਕਰ ਲਿਆ ਅਤੇ ਉਸ ਨੂੰ ਭਵਿੱਖ ਵਿੱਚ ਅਜਿਹੇ ਬਿਆਨ ਦੇਣ ਤੋਂ ਗੁਰੇਜ਼ ਕਰਨ ਲਈ ਵੀ ਕਿਹਾ। ਪਾਰਟੀ ਨੇ ਕਿਹਾ ਕਿ ਕਿਸਾਨ ਅੰਦੋਲਨ ਬਾਰੇ ਕੰਗਨਾ ਰਣੌਤ ਵੱਲੋਂ ਦਿੱਤਾ ਗਿਆ ਬਿਆਨ ਪਾਰਟੀ ਦੀ ਰਾਇ ਨਹੀਂ ਹੈ। ਭਾਰਤੀ ਜਨਤਾ ਪਾਰਟੀ ਕੰਗਨਾ ਰਣੌਤ ਦੇ ਬਿਆਨ ਨਾਲ ਅਸਹਿਮਤੀ ਪ੍ਰਗਟ ਕਰਦੀ ਹੈ। ਪਾਰਟੀ ਵੱਲੋਂ ਕੋਈ ਬਿਆਨ ਦੇਣ ਦੀ ਕੰਗਨਾ ਰਣੌਤ ਨੂੰ ਨਾ ਤਾਂ ਇਜਾਜ਼ਤ ਹੈ ਤੇ ਨਾ ਅਧਿਕਾਰ।

ਸਿੱਖ ਸੰਗਠਨ ਜੰਮੂ ਕਸ਼ਮੀਰ 'ਚ 3 ਸੀਟਾਂ 'ਤੇ ਲੜੇਗਾ ਚੋਣਾਂ

ਸ਼੍ਰੀਨਗਰ, 27 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਇਕ ਸਿੱਖ ਸੰਗਠਨ ਨੇ ਜੰਮੂ ਕਸ਼ਮੀਰ 'ਚ ਤਿੰਨ ਸੀਟਾਂ ਤੋਂ ਵਿਧਾਨ ਸਭਾ ਚੋਣਾਂ ਲੜਨ ਦਾ ਸੋਮਵਾਰ ਨੂੰ ਐਲਾਨ ਕੀਤਾ। 'ਆਲ ਪਾਰਟੀਜ਼ ਸਿੱਖ ਕੋਆਰਡੀਨੇਸ਼ਨ ਕਮੇਟੀ' (ਏ.ਪੀ.ਐੱਸ.ਸੀ.ਸੀ.) ਨੇ ਇਕ ਬਿਆਨ 'ਚ ਕਿਹਾ ਕਿ ਉਸ ਨੇ ਪੁਲਵਾਮਾ ਜ਼ਿਲ੍ਹੇ ਦੇ ਤ੍ਰਾਲ ਤੋਂ ਐੱਸ. ਪੁਸ਼ਵਿੰਦਰ ਸਿੰਘ ਨੂੰ ਮੈਦਾਨ 'ਚ ਉਤਾਰਨ ਦਾ ਫ਼ੈਸਲਾ ਕੀਤਾ ਹੈ। ਹਾਲਾਂਕਿ, ਸ਼੍ਰੀਨਗਰ ਦੇ ਸੈਂਟਰਲ ਸ਼ਾਲਟੇਂਗ ਅਤੇ ਬਾਰਾਮੂਲਾ ਤੋਂ ਉਮੀਦਵਾਰਾਂ ਦੇ ਐਲਾਨ ਤੋਂ ਬਾਅਦ ਕੀਤਾ ਜਾਵੇਗਾ।

ਏ.ਪੀ.ਐੱਸ.ਸੀ.ਸੀ. ਦੇ ਪ੍ਰਧਾਨ ਜਗਮੋਹਨ ਸਿੰਘ ਰੈਨਾ ਨੇ ਕਿਹਾ ਕਿ ਕਮੇਟੀ ਆਪਣੇ ਉਮੀਦਵਾਰਾਂ ਦੀ ਸਫ਼ਲਤਾ ਲਈ ਘੱਟ ਗਿਣਤੀ ਭਾਈਚਾਰੇ ਦੇ ਸਮਰਥਨ 'ਤੇ ਨਿਰਭਰ ਹੈ। ਉਨ੍ਹਾਂ ਨੇ ਘੱਟ ਗਿਣਤੀ ਭਾਈਚਾਰੇ ਦੇ ਮੈਂਬਰਾਂ ਤੋਂ ਸਿੱਖ ਭਾਈਚਾਰੇ ਦੇ ਮੈਂਬਰਾਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਰੈਨਾ ਨੇ ਕਿਹਾ ਕਿ ਘੱਟ ਗਿਣਤੀ ਭਾਈਚਾਰੇ ਦੇ ਮੈਂਬਰਾਂ ਦਾ ਸਮਰਥਨ ਭਾਈਚਾਰੇ ਦੇ ਮੈਂਬਰਾਂ ਦੀ ਜਾਤੀ ਯਕੀਨੀ ਕਰੇਗਾ। ਰੈਨਾ ਨੇ ਕਿਹਾ ਕਿ ਇਸ ਨਾਲ ਕਸ਼ਮੀਰ ਤੋਂ ਸਕਾਰਾਤਮਕ ਸੰਦੇਸ਼ ਜਾਵੇਗਾ ਅਤੇ ਇਹ ਧਾਰਨਾ ਬਦਲੇਗੀ ਕਿ ਕਸ਼ਮੀਰ ਵੱਖਵਾਦ ਨੂੰ ਉਤਸ਼ਾਹ ਦਿੰਦੇ ਹਨ ਅਤੇ ਰਾਸ਼ਟਰ ਵਿਰੋਧੀ ਹਨ। ਜੰਮੂ ਕਸ਼ਮੀਰ ਦੀ 90 ਮੈਂਬਰੀ ਵਿਧਾ

ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਨੇ ਸਮੂਹ ਐੱਨ. ਆਰ. ਆਈ. ਪੰਜਾਬੀਆਂ ਨੂੰ ਇਸ ਸਹੂਲਤ ਦਾ ਲਾਭ ਲੈਣ ਦੀ ਕੀਤੀ ਅਪੀਲ

ਏਜੰਸੀਆਂ

ਤਰਨਤਾਰਨ 27 ਅਗਸਤ। ਡਿਪਟੀ ਕਮਿਸ਼ਨਰ ਤਰਨਤਾਰਨ ਸੰਦੀਪ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐੱਨ. ਆਰ. ਆਈ.

ਪੰਜਾਬੀਆਂ ਨੂੰ ਹੁਣ ਆਪਣੇ ਜ਼ਰੂਰੀ ਦਸਤਾਵੇਜ਼ਾਂ ਨੂੰ ਕਾਊਂਟਰ ਸਾਈਨ ਕਰਵਾਉਣ ਲਈ ਸਰਕਾਰੀ ਦਫਤਰਾਂ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਦੱਸਿਆ ਕਿ ਐੱਨ. ਆਰ. ਆਈ ਲੋਕਾਂ ਦੀ ਇਸ ਖੱਜਲ ਖੁਆਰੀ ਨੂੰ ਖਤਮ ਕਰਨ ਲਈ ਸਰਕਾਰ ਵੱਲੋਂ ਇਕ ਆਨਲਾਈਨ ਈ-ਸਨਦ ਪੋਰਟਲ ://.. ਬਣਾ ਦਿੱਤਾ ਗਿਆ ਹੈ, ਜਿਸ ਰਾਹੀਂ ਇਹ ਕੰਮ ਹੁਣ ਘਰ ਬੈਠੇ ਹੀ ਹੋ ਜਾਇਆ ਕਰੇਗਾ। ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਨੇ ਦੱਸਿਆ ਕਿ 27 ਅਗਸਤ, 2024 ਤੋਂ ਐੱਨ. ਆਰ. ਆਈ. ਪੰਜਾਬੀ ਆਪਣੇ ਜਨਮ ਸਰਟੀਫਿਕੇਟ, ਵਿਆਹ ਸਰਟੀਫਿਕੇਟ, ਡਰਾਈਵਿੰਗ ਲਾਇਸੈਂਸ ਸਮੇਤ ਵੱਖ-ਵੱਖ ਦਸਤਾਵੇਜ਼ ਕਾਊਂਟਰ ਸਾਈਨ ਕਰਵਾਉਣ ਲਈ ਈ-ਸਨਦ ਪੋਰਟਲ ://.. ਉਤੇ ਆਨਲਾਈਨ ਅਪਲਾਈ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਅਰਜ਼ੀਆਂ ਹੁਣ ਸੇਵਾ ਕੇਂਦਰਾਂ ਵਿਚ ਨਹੀਂ ਲਈਆਂ ਜਾਣਗੀਆਂ। ਆਨਲਾਈਨ ਅਪਲਾਈ ਕਰਨ ਉੱਤੇ ਅਰਜੀਕਰਤਾ ਨੂੰ ਇਕ ਰਸੀਦ ਨੰਬਰ ਮਿਲ ਜਾਇਆ ਕਰੇਗਾ। ਹਰੇਕ ਪੱਧਰ ਦੀ ਕਾਰਵਾਈ ਆਨਲਾਈਨ ਹੋਇਆ ਕਰੇਗੀ। ਇਥੋਂ ਤੱਕ ਕਿ ਅਰਜੀਕਰਤਾ ਨੂੰ ਚੰਡੀਗੜ੍ਹ ਜਾਂ ਦਿੱਲੀ ਵੀ ਨਹੀਂ ਜਾਣਾ ਪਵੇਗਾ। ਕਾਊਂਟਰ ਸਾਈਨ ਹੋਣ ਉਪਰੰਤ ਦਸਤਾਵੇਜ਼ ਈਮੇਲ ਅਤੇ ਹੋਰ ਮਾਧਿਅਮਾਂ ਰਾਹੀਂ ਅਰਜੀਕਰਤਾ ਨੂੰ ਮਿਲ ਜਾਇਆ ਕਰੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਹਿਲਾਂ ਅਰਜੀਕਰਤਾ ਸੇਵਾ ਕੇਂਦਰ ਵਿਚ ਜਾ ਕੇ ਖੁਦ ਅਪਲਾਈ ਕਰਦਾ ਸੀ। ਉਸ ਤੋਂ ਬਾਅਦ ਉਸਨੂੰ ਆਪਣੀ ਅਰਜ਼ੀ ਲੈ ਕੇ ਚੰਡੀਗੜ੍ਹ ਅਤੇ ਪਟਿਆਲਾ ਹਾਊਸ, ਦਿੱਲੀ ਵੀ ਖੁਦ ਹੀ ਜਾਣਾ ਪੈਂਦਾ ਸੀ। ਇਸ ਨਾਲ ਉਨ੍ਹਾਂ ਦਾ ਸਮਾਂ ਅਤੇ ਪੈਸੇ ਦੀ ਬਰਬਾਦੀ ਦੇ ਨਾਲ-ਨਾਲ ਕਾਫੀ ਖੱਜਲ ਖੁਆਰੀ ਹੁੰਦੀ ਸੀ। ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਨੇ ਸਮੂਹ ਐੱਨ. ਆਰ. ਆਈ. ਪੰਜਾਬੀਆਂ ਨੂੰ ਇਸ ਸਹੂਲਤ ਦਾ ਲਾਭ ਲੈਣ ਦੀ ਅਪੀਲ ਕੀਤੀ ਹੈ।

ਇੰਪਰੂਵਮੈਂਟ ਟਰੱਸਟ ਦੀ ਧੋਖਾਧੜੀ ਦਾ ਸ਼ਿਕਾਰ ਮਹਿਲਾ ਅਲਾਟੀ ਨੂੰ ਮੌਤ ਦੇ 4 ਸਾਲਾਂ ਬਾਅਦ ਮਿਲਿਆ ਇਨਸਾਫ

ਸਰਦੂਲ ਸਿੰਘ

ਜਲੰਧਰ 27 ਅਗਸਤ। ਜ?ਿਲ੍ਹਾ ਖਪਤਕਾਰ ਵਿਵਾਦ ਨਿਪਟਾਊ ਕਮਿਸ਼ਨ ਨੇ ਸ਼ਨੀਵਾਰ ਇੰਪਰੂਵਮੈਂਟ ਟਰੱਸਟ ਨੂੰ ਇੰਦਰਾਪੁਰਮ ਮਾਸਟਰ ਗੁਰਬੰਤਾ ਸਿੰਘ ਐਨਕਲੇਵ ਨਾਲ ਸਬੰਧਤ 2 ਕੇਸਾਂ ਵਿਚ 26 ਲੱਖ ਰੁਪਏ ਦਾ ਝਟਕਾ ਦਿੱਤਾ ਹੈ। ਇਨ੍ਹਾਂ ਦੋਵਾਂ ਮਾਮਲਿਆਂ ਵਿਚੋਂ ਪਹਿਲੇ ਕੇਸ ਵਿਚ ਉਰਮਿਲ ਟੰਡਨ ਨਿਵਾਸੀ ਜਲੰਧਰ ਨੂੰ ਟਰੱਸਟ ਨੇ 4 ਸਤੰਬਰ 2006 ਨੂੰ ਐੱਲ. ਆਈ. ਜੀ. ਫਲੈਟ ਨੰਬਰ 137, ਸੈਕਿੰਡ ਫਲੋਰ ਅਲਾਟ ਕੀਤਾ ਸੀ। ਅਲਾਟੀ ਨੇ ਫਲੈਟ ਦੇ ਬਦਲੇ ਟਰੱਸਟ ਨੂੰ ਬਣਦੀ ਰਕਮ 426769 ਰੁਪਏ ਜਮ੍ਹਾ ਕਰਵਾ ਦਿੱਤੀ ਸੀ। ਟਰੱਸਟ ਨੇ ਅਲਾਟੀ ਨੂੰ ਫਲੈਟ ਦਾ ਕਬਜਾ ਤਾਂ ਦਿੱਤਾ ਪਰ ਉਥੇ ਕੋਈ ਮੁੱਢਲੀ ਸਹੂਲਤ ਮੁਹੱਈਆ ਨਹੀਂ ਕਰਵਾਈ ਗਈ। ਆਪਣੇ ਨਾਲ ਹੋਈ ਧੋਖਾਧੜੀ ਨੂੰ ਦੇਖ ਅਲਾਟੀ ਨੇ ਟਰੱਸਟ ਦੇ ਖ?ਿਲਾਫ ਖਪਤਕਾਰ ਕਮਿਸ਼ਨ ਵਿਚ 26 ਜੁਲਾਈ 2023 ਨੂੰ ਕੇਸ ਦਾਇਰ ਕੀਤਾ। ਕਮਿਸ਼ਨ ਨੇ ਇਸ ਕੇਸ ਦਾ ਫੈਸਲਾ 7 ਅਗਸਤ 2024 ਨੂੰ ਅਲਾਟੀ ਦੇ ਪੱਖ ਵਿਚ ਸੁਣਾਉਂਦੇ ਹੋਏ ਟਰੱਸਟ ਨੂੰ ਹੁਕਮ ਜਾਰੀ ਕੀਤੇ ਕਿ ਉਹ ਅਲਾਟੀ ਵੱਲੋਂ ਜਮ੍ਹਾ ਕਰਵਾਈ ਪ੍ਰਿੰਸੀਪਲ ਅਮਾਊਂਟ ਤੋਂ ਇਲਾਵਾ ਉਸ 'ਤ 9 ਫੀਸਦੀ ਵਿਆਜ, 30 ਹਜਾਰ ਰੁਪਏ ਮੁਆਵਜਾ ਅਤੇ 8 ਹਜਾਰ ਰੁਪਏ ਕਾਨੂੰਨੀ ਖਰਚ ਅਦਾ ਕਰੇ। ਇਸ ਦੀ ਕੁੱਲ੍ਹ ਰਕਮ 14 ਲੱਖ ਰੁਪਏ ਬਣਦੀ ਹੈ। ਜੇਕਰ ਟਰੱਸਟ ਨੇ 45 ਦਿਨਾਂ

ਵਿਚ ਅਲਾਟੀ ਨੂੰ ਬਣਦਾ ਭੁਗਤਾਨ ਨਾ ਕੀਤਾ ਤਾਂ ਵਿਆਜ ਦੀ ਰਕਮ 9 ਫੀਸਦੀ ਤੋਂ ਵੱਧ ਕੇ 12 ਫੀਸਦੀ ਹੋ ਜਾਵੇਗੀ। ਇਸੇ ਸਕੀਮ ਦੇ ਦੂਸਰੇ ਮਾਮਲੇ ਵਿਚ ਅਲਾਟੀ ਨੂੰ ਮਰਨ ਦੇ 4 ਸਾਲਾਂ ਬਾਅਦ ਇਨਸਾਫ ਮਿਲਿਆ ਹੈ। ਇਸ ਕੇਸ ਵਿਚ ਆਸ਼ਾ ਰਾਣੀ ਨਿਵਾਸੀ ਜਲੰਧਰ ਨੂੰ ਟਰੱਸਟ ਨੇ 4 ਸਤੰਬਰ 2006 ਨੂੰ ਐੱਲ. ਆਈ. ਜੀ. ਫਲੈਟ ਨੰਬਰ 277 ਫਸਟ ਫਲੋਰ ਅਲਾਟ ਕੀਤਾ ਸੀ। ਅਲਾਟੀ ਨੇ ਫਲੈਟ ਦੇ ਬਦਲੇ ਟਰੱਸਟ ਨੂੰ ਬਣਦੀ ਰਕਮ 362600 ਰੁਪਏ ਦਾ ਭੁਗਤਾਨ ਕਰ ਦਿੱਤਾ ਪਰ ਟਰੱਸਟ ਪੇਮੈਂਟ ਹੋਣ ਦੇ ਬਾਵਜੂਦ ਅਲਾਟੀ ਨੂੰ ਮੁੱਢਲੀਆਂ ਸਹੂਲਤਾਂ ਨਾਲ ਫਲੈਟ ਦਾ ਕਬਜਾ ਨਹੀਂ ਦੇ ਸਕਿਆ। ਇਸ ਕਾਰਨ ਅਲਾਟੀ ਆਸ਼ਾ ਰਾਣੀ ਨੇ ਟਰੱਸਟ ਦੇ ਖ?ਿਲਾਫ ਖਪਤਕਾਰ ਕਮਿਸ਼ਨ ਵਿਚ 31 ਮਈ 2019 ਨੂੰ ਕੇਸ ਫਾਈਲ ਕੀਤਾ ਪਰ ਕੇਸ ਦੇ ਦੌਰਾਨ ਹੀ 11 ਜੁਲਾਈ 2020 ਨੂੰ ਅਲਾਟੀ ਆਸ਼ਾ ਰਾਣੀ ਦੀ ਮੌਤ ਹੋ ਗਈ। ਉਸਦੀ ਮੌਤ ਤੋਂ ਬਾਅਦ ਆਸ਼ਾ ਰਾਣੀ ਦੇ ਵਾਰਿਸਾਂ ਨੇ ਕੇਸ ਦੀ ਪੈਰਵੀ ਕੀਤੀ ਅਤੇ ਆਖਿਰਕਾਰ 20 ਅਗਸਤ 2024 ਨੂੰ ਕੇਸ ਦਾ ਫੈਸਲਾ ਅਲਾਟੀ ਦੇ ਹੱਕ ਵਿਚ ਹੋਇਆ। ਕਮਿਸ਼ਨ ਨੇ ਟਰੱਸਟ ਨੂੰ ਅਲਾਟੀ ਵੱਲੋਂ ਜਮ੍ਹਾ ਕਰਵਾਈ ਪ੍ਰਿੰਸੀਪਲ ਅਮਾਊਂਟ ਤੋਂ ਇਲਾਵਾ ਉਸ 'ਤੇ 9 ਫੀਸਦੀ ਵਿਆਜ ਤੋਂ ਇਲਾਵਾ 30 ਹਜਾਰ ਰੁਪਏ ਮੁਆਵਜਾ ਅਤੇ 8 ਹਜਾਰ ਰੁਪਏ ਕਾਨੂੰਨੀ ਖਰਚ ਅਦਾ ਕਰਨ ਨੂੰ ਕਿਹਾ, ਜਿਸ ਦੀ ਕੁੱਲ ਰਕਮ 12 ਲੱਖ ਰੁਪਏ ਬਣਦੀ ਹੈ। ਜੇਕਰ ਟਰੱਸਟ ਨੇ 45 ਦਿਨਾਂ ਵਿਚ ਅਲਾਟੀ ਨੂੰ ਬਣਦਾ ਭੁਗਤਾਨ ਨਾ ਕੀਤਾ ਤਾਂ ਵਿਆਜ ਦੀ ਰਕਮ 9 ਫੀਸਦੀ ਤੋਂ ਵੱਧ ਕੇ 12 ਫੀਸਦੀ ਹੋ ਜਾਵੇਗੀ।

ਅਕਾਲੀ ਦਲ ਨੂੰ ਇਕ ਹੋਰ ਵੱਡਾ ਝਟਕਾ, ਸੀਨੀਅਰ ਆਗੂ ਡਿੰਪੀ ਢਿੱਲੋਂ ਨੇ ਛੱਡੀ ਪਾਰਟੀ

ਜਲੰਧਰ/ਚੰਡੀਗੜ੍ਹ 27 ਅਗਸਤ। ਸ਼੍ਰੋਮਣੀ ਅਕਾਲੀ ਦਲ ਨੂੰ ਅੱਜ ਉਸ ਸਮੇਂ ਇਕ ਹੋਰ ਵੱਡਾ ਝਟਕਾ ਲੱਗਾ ਜਦੋਂ ਸੀਨੀਅਰ ਆਗੂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਅਕਾਲੀ ਦਲ ਦੀ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਡਿੰਪੀ ਢਿੱਲੋਂ ਸੁਖਬੀਰ ਸਿੰਘ ਬਾਦਲ ਦੇ ਬੇਹੱਦ ਕਰੀਬੀ ਰਹੇ ਹਨ। ਇਥੇ ਇਹ ਵੀ ਦੱਸਣਯੋਗ ਹੈ ਕਿ ਡਿੰਪੀ ਢਿੱਲੋਂ ਦੇ ਆਮ ਆਦਮੀ ਪਾਰਟੀ 'ਚ ਜਾਣ ਦੀਆਂ ਚਰਚਾਵਾਂ ਸ਼ੁਰੂ ਹੋ ਗਈਆਂ ਹਨ ਪਰ ਉਹ ਕਦੋਂ ਕੋਈ ਹੋਰ ਪਾਰਟੀ ਜੁਆਇਨ ਕਰਨਗੇ, ਇਸ ਬਾਰੇ ਅਜੇ ਕੁਝ ਵੀ ਪਤਾ ਨਹੀਂ ਹੈ। ਹਰਦੀਪ ਸਿੰਘ ਡਿੰਪੀ ਗਿੱਦੜਬਾਹਾ ਤੋਂ ਵਿਧਾਨ ਸਭਾ ਦੀ ਚੋਣ ਲੜ ਚੁੱਕੇ ਹਨ। ਅਸਤੀਫਾ ਦੇਣ ਮਗਰੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਕਿਹਾ ਕਿ ਮੈਂ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦਿੱਤਾ ਹੈ। ਮਨ

ਇੰਨਾ ਭਰਿਆ ਹੋਇਆ ਕਿ ਬੋਲਿਆ ਵੀ ਨਹੀਂ ਜਾ ਰਿਹਾ। ਉਨ੍ਹਾਂ ਦਾ ਸਾਰਾ ਪਰਿਵਾਰ ਇਕੱਠਾ ਹੋ ਗਿਆ ਹੈ। ਸਾਡੇ ਵਰਗੇ ਤਾਂ ਵਰਤਣ ਲਈ ਹੁੰਦੇ ਹਨ। ਸਮਰਥਕਾਂ ਦੀ ਰਾਏ ਨਾਲ ਅਗਲਾ ਫੈਸਲਾ ਲਵਾਂਗਾ। ਦੱਸਣਯੋਗ ਹੈ ਕਿ ਡਿੰਪੀ ਢਿੱਲੋਂ ਗਿੱਦੜਬਾਹਾ ਤੋਂ ਅਕਾਲੀ ਦਲ ਦੇ ਇੰਚਾਰਜ ਵੀ ਸਨ ਅਤੇ 2 ਵਾਰ ਅਕਾਲੀ ਦਲ ਵੱਲੋਂ ਰਾਜਾ ਵੜਿੰਗ ਖ?ਿਲਾਫ ਚੋਣ ਲੜ ਚੁੱਕੇ ਹਨ। ਇਹ ਵੀ ਦੱਸਣਯੋਗ ਹੈ ਕਿ ਗਿੱਦੜਬਾਹਾ 'ਚ ਜ?ਿਮਨੀ ਚੋਣ ਹੋਣੀ ਹੈ ਅਤੇ ਸੁਖਬੀਰ ਬਾਦਲ ਪਿਛਲੇ ਕੁਝ ਦਿਨਾਂ ਤੋਂ ਇਸ ਹਲਕੇ 'ਚ ਸਰਗਰਮ ਹਨ। ਇਹ ਗੱਲ ਵੀ ਸਾਹਮਣੇ ਆ ਰਹੀ ਹੈ ਕਿ ਡਿੰਪੀ ਢਿੱਲੋਂ ਨੂੰ ਗਿੱਦੜਬਾਹਾ ਤੋਂ ਉਮੀਦਵਾਰ ਐਲਾਨਿਆ ਜਾ ਸਕਦਾ ਸੀ ਪਰ ਅਜੇ ਤੱਕ ਗਿੱਦੜਬਾਹਾ ਤੋਂ ਉਮੀਦਵਾਰ ਵਜੋਂ ਉਨ੍ਹਾਂ ਦੇ ਨਾਂ ਦਾ ਐਲਾਨ ਨਹੀਂ ਕੀਤਾ ਗਿਆ ਸੀ, ਜਿਸ ਕਾਰਨ ਹਰਦੀਪ ਸਿੰਘ ਡਿੰਪੀ ਢਿੱਲੋਂ ਅਕਾਲੀ ਦਲ ਤੋਂ ਨਾਰਾਜ ਚੱਲ ਰਹੇ ਹਨ। ਦੱਸ ਦੇਈਏ ਕਿ 18 ਅਗਸਤ ਨੂੰ ਗਿੱਦੜਬਾਹਾ 'ਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਕੀਤੀ ਗਈ ਮੀਟਿੰਗ ਦੌਰਾਨ ਡਿੰਪੀ ਨੇ ਕਿਹਾ ਸੀ ਕਿ ਮੈਂ ਸ਼ਰੇਆਮ ਕਹਿੰਦਾ ਹਾਂ ਕਿ ਅੱਜ ਜੋ ਕੁੱਝ ਵੀ ਹਾਂ, ਸੁਖਬੀਰ ਬਾਦਲ ਕਰਕੇ ਹਾਂ। ਲੋਕ ਬਹੁਤ ਅਫਵਾਹਾਂ ਉਡਾ ਰਹੇ ਹਨ ਪਰ ਇਹ ਦਰੱਖਤ ਹਿੱਲਣ ਵਾਲਾ ਨਹੀਂ ਹੈ।

ਗਲਤ ਸਬੰਧ ਬਣਾਉਣ ਤੋਂ ਇਨਕਾਰ ਕਰਨ 'ਤੇ ਅਧਿਆਪਕ ਨੇ ਕੀਤੀ ਵਿਦਿਆਰਥੀ ਦੀ ਕੁੱਟਮਾਰ

ਧੂਰੀ 27 ਅਗਸਤ। ਸ਼ਹਿਰ ਦੇ ਇਕ ਪੁਰਾਣੇ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਦੇ ਇਕ ਵਿਦਿਆਰਥੀ ਵੱਲੋਂ ਆਪਣੇ ਅਧਿਆਪਕ ਦੇ ਕਹੇ ਮੁਤਾਬਕ ਉਸ ਨਾਲ ਗਲਤ ਸਬੰਧ ਬਣਾਉਣ ਤੋਂ ਇਨਕਾਰ ਕਰਨ 'ਤੇ ਉਕਤ ਅਧਿਆਪਕ ਵੱਲੋਂ ਉਸ ਵਿਦਿਆਰਥੀ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮਾਪਿਆਂ ਵੱਲੋਂ ਪੀੜਤ ਬੱਚੇ ਨੂੰ ਇਲਾਜ ਵਾਸਤੇ ਸਥਾਨਕ ਸਿਵਲ ਹਸਪਤਾਲ ਵਿਖੇ ਲੈ ਜਾਇਆ ਗਿਆ ਸੀ, ਜਿੱਥੇ ਉਸ ਦੀ ਗੰਭੀਰ ਹਾਲਤ ਨੂੰ ਵੇਖਦੇ ਹੋਏ ਉਸ ਨੂੰ ਸੰਗਰੂਰ ਰੈਫਰ ਕੀਤਾ ਗਿਆ ਹੈ। ਸਿਵਲ ਹਸਪਤਾਲ ਸੰਗਰੂਰ ਵਿਖੇ ਜੇਰੇ ਇਲਾਜ ਉਕਤ ਬੱਚੇ ਦੀ ਮਾਤਾ ਨੇ ਦੱਸਿਆ ਕਿ ਉਸਦੇ ਸਕੂਲ ਦਾ ਇਕ ਅਧਿਆਪਕ ਉਸ ਦੇ ਪੁੱਤਰ ਨੂੰ ਇਕ ਵੱਖਰੇ ਕਮਰੇ 'ਚ ਲਿਜਾ ਕੇ ਉਸ ਨਾਲ ਗਲਤ ਹਰਕਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਉਸ ਵੱਲੋਂ ਵਿਰੋਧ ਕੀਤੇ ਜਾਣ 'ਤੇ ਉਕਤ ਅਧਿਆਪਕ ਵੱਲੋਂ ਉਸਦੀ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੀ ਗਈ। ਪੀੜਤ ਬੱਚੇ ਦੀ ਮਾਂ ਨੇ ਇਨਸਾਫ ਦੀ ਮੰਗ ਕਰਦਿਆਂ ਕਿਹਾ ਕਿ ਬੱਚੇ ਨਾਲ ਅਜਿਹੀ ਹਰਕਤ ਕਰਨ ਵਾਲੇ ਅਧਿਆਪਕ ਦੇ ਖ?ਿਲਾਫ ਸਖਤ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ 'ਚ ਕਿਸੇ ਹੋਰ ਦੇ ਬੱਚੇ ਨਾਲ ਅਜਿਹੀ ਘਟਨਾ ਨਾ ਵਾਪਰੇ। ਇਸ ਸਬੰਧੀ ਸਕੂਲ ਦੇ ਪ੍ਰਿੰਸੀਪਲ ਨਵਿੰਦਰ ਸਿੰਘ ਪੰਧੇਰ ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਅਜਿਹਾ ਕੋਈ ਮਾਮਲਾ ਮੇਰੇ ਧਿਆਨ 'ਚ ਨਹੀਂ ਹੈ ਅਤੇ ਜੇਕਰ ਅਜਿਹਾ ਹੋਇਆ ਹੈ, ਤਾਂ ਉਕਤ ਅਧਿਆਪਕ ਦੇ ਖ?ਿਲਾਫ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

ਰਾਮ ਮਾਧਵ ਕਸ਼ਮੀਰ ਵਾਦੀ ਦੀਆਂ 47 ਸੀਟਾਂ ਲਈ 'ਲੁਕਵੀਂ ਹਮਾਇਤ' ਦੀ ਕਰਨਗੇ ਭਾਲ

ਕਿਸ਼ਨ ਪਾਲ

ਨਵੀਂ ਦਿੱਲੀ 27 ਅਗਸਤ। ਆਰ. ਐੱਸ. ਐੱਸ. ਦੇ ਪ੍ਰਚਾਰਕ ਰਾਮ ਮਾਧਵ ਨੂੰ ਸ਼ਾਇਦ ਭਾਜਪਾ ਲੀਡਰਸ਼ਿਪ ਨੇ ਕੇਂਦਰੀ ਮੰਤਰੀ ਜੀ. ਕਿਸਨ ਰੈੱਡੀ ਨਾਲ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਦੇ ਇੰਚਾਰਜ ਵਜੋਂ ਮੁੜ ਜੋੜਿਆ ਹੈ। ਪਰ ਇਸ ਵਾਰ ਭਾਜਪਾ ਦਾ ਮਹਿਬੂਬਾ ਮੁਫਤੀ ਦੀ ਅਗਵਾਈ ਵਾਲੀ ਪੀ. ਡੀ. ਪੀ. ਨਾਲ ਕੋਈ ਖਾਮੋਸ਼ ਸਮਝੌਤਾ ਹੋਣ ਦੀ ਸੰਭਾਵਨਾ ਨਹੀਂ ਹੈ। ਮਾਧਵ 2014 'ਚ ਬੀ. ਜੇ. ਪੀ.-ਪੀ. ਡੀ. ਪੀ. ਗੱਠਜੋੜ ਦੇ ਆਰਕੀਟੈਕਟ ਸਨ। ਬੀ. ਜੇ. ਪੀ. ਨੇ 2014 'ਚ ਪੀ. ਡੀ. ਪੀ. ਨਾਲ ਮਿਲ ਕੇ ਸਰਕਾਰ ਬਣਾਈ ਸੀ ਪਰ ਸਰਕਾਰ ਪੂਰੇ 6 ਸਾਲ ਨਹੀਂ ਚੱਲ ਸਕੀ ਕਿਉਂਕਿ 2018 'ਚ ਬੀ. ਜੇ. ਪੀ. ਨੇ ਆਪਣੀ ਹਮਾਇਤ ਵਾਪਸ ਲੈ ਲਈ ਸੀ। ਬਾਅਦ 'ਚ ਬੀ. ਜੇ. ਪੀ. ਨੇ ਧਾਰਾ 370 ਨੂੰ ਖਤਮ ਕਰ ਦਿੱਤਾ ਅਤੇ ਜੰਮੂ-ਕਸ਼ਮੀਰ ਨੂੰ ਕੇਂਦਰ ਸਾਸਤ ਪ੍ਰਦੇਸ਼ ਬਣਾ ਦਿੱਤਾ। ਕਿਹਾ ਜਾਂਦਾ ਹੈ ਕਿ ਰਾਮ ਮਾਧਵ ਕੁਝ ਮਤਭੇਦਾਂ ਕਾਰਨ ਭਾਜਪਾ ਲੀਡਰਸ਼ਿਪ ਤੋਂ ਵੱਖ ਹੋ ਗਏ ਸਨ ਕਿਉਂਕਿ ਉਹ 2020 'ਚ ਆਸਾਮ ਤੇ ਹੋਰ ਉੱਤਰੀ-ਪੂਰਬੀ ਸੂਬਿਆਂ ਦੇ ਇੰਚਾਰਜ ਵੀ ਸਨ।

ਹਾਲਾਂਕਿ, ਉਸ ਸਮੇਂ ਉਨ੍ਹਾਂ ਨੂੰ ਹਟਾਉਣ ਦਾ ਅਸਲ ਕਾਰਨ ਆਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਸਨ। ਇਕ ਹੋਰ ਕਾਰਨ ਇਹ ਵੀ ਸੀ ਕਿ ਉਸ ਵੇਲੇ ਦੇ ਰਾਜਪਾਲ ਸਤਪਾਲ ਮਲਿਕ ਨੇ ਜੰਮੂ-ਕਸ਼ਮੀਰ ਆਉਣ ਲਈ ਉਨ੍ਹਾਂ ਦਾ ਨਾਂ ਪੇਸ਼ ਕੀਤਾ ਸੀ। ਲਗਭਗ 4 ਸਾਲ ਬਾਅਦ ਉਨ੍ਹਾਂ ਦੀ ਅਚਾਨਕ ਬਹਾਲੀ ਇਹ ਦਰਸਾਉਂਦੀ ਹੈ ਕਿ ਵਾਦੀ ਪ੍ਰਤੀ ਉਹ ਚੌਕਸ ਹਨ। ਭਾਜਪਾ ਦੀ ਮੁੱਖ ਚਿੰਤਾ 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਕਾਂਗਰਸ ਦੀ ਮੁੜ ਵਾਪਸੀ ਹੈ, ਜਿਸ ਨੇ ਫਾਰੂਕ ਅਬਦੁੱਲਾ ਦੀ ਅਗਵਾਈ ਵਾਲੀ ਨੈਸ਼ਨਲ ਕਾਨਫਰੰਸ ਨਾਲ ਚੋਣ ਗੱਠਜੋੜ ਕਰ ਲਿਆ ਹੈ। ਰਾਮ ਮਾਧਵ ਲਈ ਕੰਮ ਔਖਾ ਹੋਵੇਗਾ ਕਿਉਂਕਿ ਭਾਜਪਾ ਜੰਮੂ ਵਿਚ ਇਕੱਲਿਆਂ ਚੋਣਾਂ ਲੜਨ ਦਾ ਇਰਾਦਾ ਰੱਖਦੀ ਹੈ, ਜਿੱਥੇ 43 ਸੀਟਾਂ ਹਨ ਅਤੇ ਕਾਂਗਰਸ ਚੜ੍ਹਤ 'ਤੇ ਹੈ। ਵਾਦੀ 'ਚ ਭਾਜਪਾ ਕੁਝ ਆਜਾਦ ਤੇ ਕੁਝ 'ਛੋਟੇ ਖਿਡਾਰੀਆਂ' ਨਾਲ ਭਾਈਵਾਲੀ ਕਰ ਸਕਦੀ ਹੈ ਪਰ ਉੱਥੇ 47 ਸੀਟਾਂ ਲਈ ਸਿੱਧਾ ਗੱਠਜੋੜ ਨਹੀਂ ਹੋਵੇਗਾ। ਰਾਮ ਮਾਧਵ ਉੱਥੋਂ ਦੀਆਂ 47 ਸੀਟਾਂ ਲਈ 'ਲੁਕਵੀਂ ਹਮਾਇਤ' ਦੀ ਭਾਲ ਕਰਨਗੇ। ਪਾਰਟੀ ਚੋਣਵੇਂ ਹਲਕਿਆਂ 'ਚ ਸਿਆਸੀ ਆਧਾਰ ਵਾਲੇ ਨੌਜਵਾਨ ਉਮੀਦਵਾਰਾਂ ਨੂੰ ਮੈਦਾਨ 'ਚ ਉਤਾਰਨ 'ਤੇ ਵਿਚਾਰ ਕਰ ਰਹੀ ਹੈ। ਉਹ ਜਿੱਤਣ ਲਈ ਸਿਰਫ 10 ਸੀਟਾਂ ਦਾ ਹੀ ਟੀਚਾ ਰੱਖ ਰਹੀ ਹੈ।

ਜਲੰਧਰ 'ਚ ਦੋ ਕਿਰਾਏਦਾਰ ਆਪਸ 'ਚ ਭਿੜੇ: ਔਰਤ ਦਾ ਦੋਸ਼, ਨਸ਼ੇ 'ਚ ਭਰਾ ਦੀ ਬੁਰੀ ਤਰ੍ਹਾਂ ਕੀਤੀ ਕੁੱਟਮਾਰ

ਜਲੰਧਰ 27 ਅਗਸਤ। ਜਲੰਧਰ 'ਚ ਦੋ ਕਿਰਾਏਦਾਰਾਂ ਵਿਚਾਲੇ ਝਗੜੇ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਹਮਲਾਵਰਾਂ ਨੇ ਬਸਤੀ ਨੌਂ ਨੇੜੇ ਇਕ ਘਰ 'ਤੇ ਜਾਨਲੇਵਾ ਹਮਲਾ ਕੀਤਾ। ਇਸ ਦੌਰਾਨ ਪੀੜਤ ਪਰਿਵਾਰ ਨੇ ਘਰ ਵਿੱਚ ਲੁਕ ਕੇ ਆਪਣੀ ਜਾਨ ਬਚਾਈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤ